# ਸਰਬ-ਭਾਰਤੀ ਰਿਪੋਰਟਰ

## 1953

## ਪਟਿਆਲਾ ਅਤੇ ਪੂਰਬੀ ਪੰਜਾਬ ਸਟੇਟਾਂ,
## ਕੇਂਦਰੀ ਹਾਈ ਕੋਰਟ

## ਸਰਬ–ਭਾਰਤੀ ਰਿਪੋਰਟਰ 1953 ਪੈਪਸੂ 1
## ਫੁੱਲ ਬੈਂਚ
## ਤੇਜਾ ਸਿੰਘ ਮੁੱਖ ਜੱਜ: ਪਾਸੀ ਅਤੇ ਗੁਰਨਾਮ ਸਿੰਘ ਜੱਜ

*ਗੁਰਦੁਆਰਾ ਸਾਹਿਬ ਸ੍ਰੀ ਤੇਜ ਬਹਾਦੁਰ ਗਾਗਾ, ਬਿਨੇਕਾਰ ਬਨਾਮ ਪਿਆਰਾ ਸਿੰਘ ਉਤਰਦਾਈ ਸੀ.ਆਰ. ਨੰਬਰ 109–1950, ਡੀ/–4.7.1952*

**ਸਿਵਲ ਪੀ.ਸੀ. (1908) ਐਸ. 9-ਸਟੇਟ ਦੇ ਐਕਟ - 'ਸੱਤਾਧਾਰੀ' ਅਤੇ 'ਸਰਬ ਉੱਚਸੱਤਾ' ਦਾ ਅਰਥ - ਪੁਰਾਣੀ ਪਟਿਆਲਾ ਸਟੇਟ ਦੇ ਸ਼ਾਸਕ ਦੀ ਸਥਿਤੀ - ਅਧੀਨ ਵਿਅਕਤੀ ਨੂੰ ਜਾਇਦਾਦ ਤੋਂ ਵੰਚਿਤ ਕਰਨ ਵਾਲਾ ਸਾਸਕ ਵੱਲੋਂ ਕਾਨੂੰਨੀ ਹੁਕਮ -ਇਸਦੀ ਕਾਨੂੰਨੀ ਉਚਿੱਤਤਾ ਤੇ ਕਿੰਤੂ ਕਰਨ ਸਬੰਧੀ ਸਿਵਲ ਕੋਰਟ ਦਾ ਅਧਿਕਾਰ ਖੇਤਰ।**

ਸਰਬ ਉੱਚ ਸੱਤਾ (ਪ੍ਰਭੂਸੱਤਾ), ਇੱਕ ਮਨੁੱਖੀ ਸੰਸਥਾ ਹੋਣ ਕਰਕੇ ਅਤੇ ਇਤਿਹਾਸਿਕ ਵਿਕਾਸ ਦਾ ਸਿੱਟਾ ਹੋਣ ਕਰਕੇ ਅੰਤਿਮ (ਨਿਰੋਲ) ਪਰਿਭਾਸ਼ਾ ਦੀ ਮੁਥਾਜ ਨਹੀਂ ਹੈ। ਇਹ ਮਨੁੱਖ ਜਾਤੀ ਦੀਆਂ ਅਜਿਹੀਆਂ ਆਦਤਾਂ ਦੇ ਹਵਾਲੇ ਨਾਲ ਹੀ ਦਿੱਤੀ ਜਾ ਸਕਦੀ ਹੈ, ਅਤੇ ਇਸ ਲਈ ਸਿਰਫ਼ ਅਜਿਹੀਆਂ ਆਦਤਾਂ ਦੇ ਹਵਾਲੇ ਰਾਹੀਂ ਹੀ ਇਸਦੀ ਪਰਿਭਾਸ਼ਾ ਦਿੱਤੀ ਜਾ ਸਕਦੀ ਹੈ। 'ਸੱਤਾਧਾਰੀ' ਸ਼ਬਦ ਦਾ ਅਰਥ ਇੱਕ ਅਜਿਹੇ ਰਾਜਨੀਤਕ ਉੱਚ ਅਧਿਕਾਰੀ ਤੋਂ ਹੈ ਜੋ ਹੋਰ ਕਿਸੇ ਰਾਜਨੀਤਕ ਉੱਚ–ਅਧਿਕਾਰੀ ਦੇ ਅਧੀਨ ਨਾਂ ਹੋਵੇ। (ਪੈਰੇ–11 ਅਤੇ 20)

ਸ਼ਾਸਕ ਜਾਂ ਰਾਜੇ ਦੀ ਪ੍ਰਭੂਸੱਤਾ ਦੇ ਦੋ ਪੱਖ ਹਨ। ਇੱਕ ਤਾਂ ਇਹ 'ਬਾਹਰੀ' ਹੈ, ਜਿਸ ਤੇ ਕਿਸੇ ਬਾਹਰਲੇ ਦਾ ਕਾਬੂ ਜਾਂ ਅਧਿਕਾਰ ਨਹੀਂ ਹੁੰਦਾ; ਦੂਜਾ 'ਅੰਦਰੂਨੀ' ਜਿਸ ਮੁਤਾਬਿਕ ਸਾਰੀਆਂ ਅੰਦਰੂਨੀ ਗਤੀਵਿੱਧੀਆਂ ਤੇ ਭਾਰੂ ਜਾਂ ਕਾਬਜ ਹੁੰਦੀ ਹੈ। ਇੱਕ ਸਟੇਟ ਕਿਸੇ ਦੂਸਰੀ ਸਟੇਟ ਨੂੰ ਵਿਦੇਸ਼ੀ ਮਸਲਿਆਂ ਦੇ ਸੰਬੰਧ ਵਿੱਚ ਕੁਝ ਅਧਿਕਾਰ ਦੇਣ ਕਰਕੇ ਆਪਣੀ ਪ੍ਰਭੂਸੱਤਾ ਨਹੀਂ ਗੁਆਉਂਦੀ ਜਿੱਥੋਂ ਤੱਕ ਅੰਦਰੂਨੀ ਮਸਲਿਆਂ ਦਾ ਸਬੰਧ ਹੈ ਜਿਨ੍ਹਾਂ ਵਿੱਚ ਇਸ ਦੀਆਂ ਸ਼ਕਤੀਆਂ ਤੇ ਕੋਈ ਰੁਕਾਵਟ ਨਹੀਂ ਹੁੰਦੀ। (ਪੈਰੇ 11, 12 ਅਤੇ 20)

ਉੱਪਰ ਦੱਸੇ ਭਾਵ ਅਨੁਸਾਰ, ਪੁਰਾਣੀ ਪਟਿਆਲਾ ਸਟੇਟ ਇੱਕ ਸੁਤੰਤਰ ਅਤੇ ਸੰਪੂਰਨ ਸੱਤਾਧਾਰੀ ਸਟੇਟ ਸੀ, ਅਤੇ ਜਿੱਥੋਂ ਤੱਕ ਅੰਦਰੂਨੀ ਮਸਲਿਆਂ ਦਾ ਸਬੰਧ ਸੀ, ਇਸਦੇ ਸ਼ਾਸਕ ਕੋਲ ਇੰਗਲੈਂਡ ਦੀ ਸੰਸਦ ਦੇ ਬਰਾਬਰ ਦੀਆਂ ਸ਼ਕਤੀਆਂ ਸਨ। ਸੰਖੇਪ ਵਿੱਚ, ਭਾਵੇਂ ਵਿਦੇਸ਼ੀ ਮਸਲਿਆਂ ਅਤੇ ਸਟੇਟਾਂ ਨਾਲ ਸਬੰਧਾਂ ਵਿੱਚ ਉਸਤੇ ਬਰਤਾਨਵੀ ਸਰਕਾਰ ਦਾ ਅਧਿਕਾਰ ਸੀ, ਅਤੇ ਬਲਕਿ ਅੰਦਰੂਨੀ ਮਸਲਿਆਂ ਵਿੱਚ ਹੀ, ਪ੍ਰਮੁੱਖ ਸ਼ਕਤੀ ਨੂੰ ਕੁੱਝ ਖ਼ਾਸ ਅਚਨਚੇਤ ਹਾਲਤਾਂ ਵਿੱਚ ਅਧਿਕਾਰ ਪ੍ਰਾਪਤ ਸੀ, ਫਿਰ ਵੀ, ਅੰਦਰੂਨੀ ਮਸਲਿਆਂ ਵਿੱਚ, ਉਸਦੇ ਸ਼ਬਦਾਂ ਵਿੱਚ ਕਾਨੂੰਨ ਦਾ ਵਜ਼ਨ ਅਤੇ ਅਧਿਕਾਰ ਸੀ, ਅਤੇ ਉਹ ਇੱਕ ਸੰਪੂਰਨ ਸੱਤਾ ਵਾਲੇ ਰਾਜੇ ਦੀਆਂ ਸ਼ਕਤੀਆਂ ਵਰਤਦਾ ਸੀ ਅਤੇ ਇਸ ਤਰ੍ਹਾਂ ਨਿਆਇਕ, ਕਾਰਜਕਾਰੀ ਅਤੇ ਪ੍ਰਸ਼ਾਸਨਿਕ ਮਸਲਿਆਂ ਵਿੱਚ ਆਪਣੇ ਸਾਰੇ ਕੰਮ–ਕਾਜ ਨਿਪਟਾਉਂਦਾ ਸੀ। ਸੰਪੂਰਨ ਸੱਤਾਧਾਰੀ ਰਾਜੇ ਦੇ ਆਪਣੇ ਅਧਿਕਾਰ ਅਨੁਸਾਰ, ਉਸਦਾ ਆਪਣੇ ਰਾਜ ਦੀਆਂ ਹੱਦਾਂ ਅੰਦਰ ਆਪਣੀ ਪਰਜਾ ਅਤੇ ਉਹਨਾਂ ਦੀ ਜਾਇਦਾਦ ਤੇ ਸੰਪੂਰਨ ਕਾਬੂ ਹੁੰਦਾ ਸੀ, ਅਤੇ ਉਹ ਹਰ ਕਿਸਮ ਦੇ ਹੁਕਮ ਦੇ ਸਕਦਾ ਸੀ। (ਪੈਰੇ 16 ਅਤੇ 20)

ਇਸ ਲਈ ਜਿੱਥੇ ਪਟਿਆਲਾ ਸਟੇਟ ਦੇ ਰਾਜੇ ਦੇ ਤੌਰ ਤੇ ਮਹਾਰਾਜਾ ਨੇ ਇੱਕ ਕਾਰਜਕਾਰੀ ਹੁਕਮ ਜਾਰੀ ਕੀਤਾ, ਜਿਸ ਨਾਲ ਇੱਕ ਅਧੀਨ ਵਿਅਕਤੀ ਨੂੰ ਉਸਦੀ ਜਾਇਦਾਦ ਤੋਂ ਵੰਚਿਤ ਕਰ ਦਿੱਤਾ ਗਿਆ, ਅਤੇ ਇਹ ਜਾਇਦਾਦ ਇੱਕ ਗੁਰਦੁਆਰਾ ਕਮੇਟੀ ਨੂੰ ਸੌਂਪ ਦਿੱਤੀ ਗਈ:

ਇਸ ਮੁਤਾਬਿਕ ਸਿਵਲ ਕਚਹਿਰੀਆਂ ਕੋਲ ਇਸ ਹੁਕਮ ਦੀ ਕਾਨੂੰਨੀ ਉਚਿੱਤਤਾ ਤੇ ਕਿੰਤੂ ਕਰਨ ਦਾ ਕੋਈ ਅਧਿਕਾਰ ਨਹੀਂ ਸੀ। (ਪੈਰੇ– 16 ਅਤੇ 20)

ਐਨੋ (Anno): ਸਿਵਲ ਪੀ.ਸੀ.ਐਸ. 9 ਐਨ 57.

ਬਿਨੇਕਾਰ ਵਾਸਤੇ ਲਛਮਣਦਾਸ: ਉੱਤਰਦਾਈ ਵਾਸਤੇ ਜਰਾਨਨਾਥ।

ਹਵਾਲੇ: ਕੋਰਟਵਾਰ/ਮਿਤੀ: ਕਰਮ ਅਨੁਸਾਰ (ਕਰੋਨੋਲੌਜੀਕਲ)/2ਜੇ.ਸੀ. ਰੈਪ (ਪਟਿਆਲਾ) 253(1924)। 1924 ਏ.ਸੀ.797: (93 ਐੱਲ.ਜੇ.ਸੀਐੱਚ 343) (ਪੈਰੇ 17 ਅਤੇ 20)

ਤੇਜਾ ਸਿੰਘ ਚੀਫ਼ ਜਸਟਿਸ: ਹੇਠ ਲਿਖਿਆ ਸਵਾਲ ਫੁੱਲ ਬੈਂਚ ਨੂੰ ਭੇਜ ਦਿੱਤਾ ਗਿਆ ਹੈ: "ਕੀ ਇੱਕ ਸਿਵਲ ਕੋਰਟ ਦੇ ਅਧਿਕਾਰ ਖੇਤਰ ਵਿੱਚ ਇਹ ਨਿਸ਼ਚਿਤ ਕਰਨਾ ਹੈ ਕਿ ਕੀ ਪੁਰਾਣੀ ਪਟਿਆਲਾ ਸਟੇਟ ਦੇ ਰਾਜਿਆਂ ਦੇ ਅਧਿਕਾਰ ਅੰਦਰ ਇਹ ਗੱਲ ਆਉਂਦੀ ਹੈ ਕਿ ਉਹ ਜ਼ਮੀਨ ਜੋ ਮੁਦੱਈਆਂ ਦੀ ਨਿੱਜੀ ਜਾਇਦਾਦ ਸੀ ਇੱਕ ਕਾਰਜਕਾਰੀ ਹੁਕਮ ਰਾਹੀਂ ਗੁਰਦੁਆਰਾ ਕਮੇਟੀ ਨੂੰ ਦਿੱਤੀ ਜਾ ਸਕਦੀ ਹੈ।"

(2) ਇਸ ਸਵਾਲ ਦੀ ਮਹੱਤਤਾ ਨੂੰ ਸਮਝਣ ਵਾਸਤੇ ਇਹ ਗੱਲ ਠੀਕ ਜਾਪਦੀ ਹੈ ਕਿ ਉਹਨਾਂ ਤੱਥਾਂ ਦਾ ਸੰਖੇਪ ਵਿੱਚ ਹਵਾਲਾ ਦਿੱਤਾ ਜਾਵੇ, ਜਿਨ੍ਹਾਂ ਤੱਥਾਂ ਦੇ ਹਵਾਲੇ ਵਿੱਚ ਇਹ ਕੇਸ ਪੈਦਾ ਹੋਇਆ ਹੈ। ਮੁਕਦੱਮੇ ਵਾਲੀ ਜਾਇਦਾਦ ਵਿੱਚ 542 ਬਿੱਘੇ ਅਤੇ ਚਾਰ ਵਿਸਵੇ ਖੇਤੀਬਾੜੀ ਵਾਲੀ ਜ਼ਮੀਨ ਦੇ ਅਤੇ ਇੱਕ ਰਿਹਾਇਸ਼ੀ ਘਰ ਹੈ, ਜੋ ਕਿ ਗਾਗਾ ਪਿੰਡ ਦੀਆਂ ਹੱਦਾਂ ਅੰਦਰ ਸਥਿਤ ਹੈ। ਮੁਦੱਈਆਂ ਨੇ ਇੱਕ ਬਿਆਨ ਨਾਲ ਮੁਕੱਦਮਾ ਦਾਇਰ ਕੀਤਾ ਹੈ ਕਿ ਮੁਕੱਦਮੇ ਵਾਲੀ ਜਾਇਦਾਦ, ਸਿਵਾਏ ਜ਼ਮੀਨੀ ਮਾਨੀਏ ਦੀ ਮੁਆਫੀ ਤੋਂ ਉਨ੍ਹਾਂ ਦੀ ਹੈ ਅਤੇ ਉਹਨਾਂ ਦੇ ਕਬਜ਼ੇ ਵਿੱਚ ਹੈ। ਉਹਨਾਂ ਨੇ ਇੱਕ ਪੱਕੇ ਹੁਕਮ ਵਾਸਤੇ ਪ੍ਰਾਰਥਨਾ ਕੀਤੀ ਹੈ ਕਿ ਉੱਤਰਦਾਈਆਂ, ਜੋ ਕਿ ਗਾਗਾ ਦੀ ਗੁਰਦੁਆਰਾ ਨੌਵੀਂ ਪਾਤਸ਼ਾਹੀ ਦੀ ਮੈਨੇਜਿੰਗ ਕਮੇਟੀ ਦੇ ਮੈਂਬਰ ਹੋਣ ਦਾ ਦਾਅਵਾ ਕਰਦੇ ਹਨ, ਨੂੰ ਉਹਨਾਂ ਦੇ ਕਬਜ਼ੇ ਵਾਲੀ ਜ਼ਮੀਨ ਵਿੱਚ ਦਖਲ ਦੇਣ ਤੋਂ ਰੋਕਿਆ ਜਾਵੇ।

ਉਹਨਾਂ ਦਾ ਦਾਅਵਾ ਸੀ ਕਿ ਉਹ ਮੁਕੱਦਮੇ ਵਾਲੀ ਜਾਇਦਾਦ ਦੇ ਮਾਲਿਕ ਸਨ ਅਤੇ ਇਸ ਤਰ੍ਹਾਂ ਇਸ ਜਾਇਦਾਦ 'ਤੇ ਕਾਬਜ਼ ਸਨ, ਪਰ ਮਾਨਯੋਗ ਮਹਾਰਾਜਾ ਪਟਿਆਲਾ ਦੇ ਡਿਊੜੀ ਮੁਵਾਲਾ ਵੱਲੋਂ ਜਾਰੀ ਕੀਤੇ ਗਏ ਹੁਕਮ ਮੁਤਾਬਿਕ, ਇਸ ਜਾਇਦਾਦ ਦਾ ਇੰਤਕਾਲ ਮਾਲੀਏ ਦੇ ਕਾਗਜ਼ਾਂ ਵਿੱਚ ਗੁਰਦੁਆਰੇ ਦੇ ਨਾਮ ਤੇ ਕਰ ਦਿੱਤਾ ਗਿਆ ਸੀ, ਅਤੇ ਕਿ ਉੱਤਰਦਾਈ (Defendants) ਜਿਨ੍ਹਾਂ ਨੂੰ ਦਰਖਾਸਤ ਵਿੱਚ ਉੱਤਰਦਾਈ ਨੰਬਰ 2 ਕਿਹਾ ਗਿਆ ਹੈ, ਨੂੰ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਨਿਯੁਕਤ ਕੀਤਾ ਗਿਆ ਸੀ, ਕਿ ਦਰਖਾਸਤ-ਕਰਤਾਵਾਂ ਤੋਂ ਕਬਜ਼ਾ ਖੋਹ ਲਿਆ ਗਿਆ ਸੀ ਅਤੇ ਉੱਪਰ ਦੱਸੇ ਉੱਤਰਦਾਈਆਂ ਨੂੰ 20.3.2000 (ਬਿਕਰਮੀ) ਨੂੰ ਇਹ ਦ ਦਿੱਤਾ ਗਿਆ ਸੀ ਅਤੇ ਇਸ ਤੋਂ ਕੁਝ ਦਿਨ ਬਾਅਦ ਯਾਨੀ 2 ਅਪ੍ਰੈਲ 2000 ਨੂੰ ਦਰਖਾਸਤ ਕਰਤਾਵਾਂ ਨੇ ਉਤਰਦਾਈਆਂ ਤੋਂ ਕਬਜ਼ਾ ਵਾਪਿਸ ਲੈ ਲਿਆ ਸੀ। ਇਸ ਕਰਕੇ ਉਹਨਾਂ ਨੂੰ ਕਾਨੂੰ ਦੀ ਅਪਰਾਧਿਕ ਉਲਘਣਾ ਕਰਨ ਕਰਕੇ ਗ੍ਰਿਫਤਾਰ ਕਰ ਲਿਆ ਗਿਆ ਸੀ, ਪਰ ਹਾਈ ਕੋਰਟ ਵੱਲੋਂ ਬਰੀ ਕਰ ਦਿੱਤਾ ਗਿਆ ਸੀ ਅਤੇ ਕਿ ਕਿਉਂਕਿ ਉੱਪਰ ਦੱਸੇ ਉੱਤਰਦਾਈਆਂ ਨੂੰ ਉਹਨਾਂ ਦੇ ਕਬਜ਼ੇ ਵਿੱਚ ਦਖਲ ਦੇਣ ਵਿਰੁੱਧ ਧਮਕੀ ਦਿੱਤੀ ਗਈ ਸੀ, ਇਸ ਲਈ ਉਹਨਾਂ ਵਿਰੁੱਧ ਕੋਰਟ ਵੱਲੋਂ ਜਿਸ ਮਨਾਹੀ ਦੇ ਹੁਕਮਾਂ ਵਾਸਤੇ ਬੇਨਤੀ ਕੀਤੀ ਗਈ ਹੈ, ਉਹ ਹੁਕਮ ਉਹਨਾਂ ਵਿਰੁੱਧ ਜਾਰੀ ਕਰਨਾ ਬਣਦਾ ਹੈ। ਦਰਖਾਸਤ ਵਿੱਚ ਇਹ ਗੱਲ ਮੰਨੀ ਗਈ ਹੈ ਕਿ ਜਿੱਥੋਂ ਤੱਕ ਜ਼ਮੀਨ ਦੇ ਮਾਲੀਏ ਦਾ ਸਬੰਧ ਹੈ, ਇਹ ਗੁਰਦੁਆਰੇ ਦੇ ਨਾਮ ਤੇ ਇੱਕ ਮੁਆਫ਼ੀ ਸੀ, ਪਰ ਸ਼ਿਕਾਇਤ ਕਰਤਾਵਾਂ ਅਨੁਸਾਰ ਜ਼ਮੀਨ ਤੇ ਗੁਰਦੁਆਰੇ ਦੇ ਅਧਿਕਾਰ ਦਾ ਇਹ ਇਕੋ-ਇੱਕ ਕਾਰਨ ਸੀ, ਅਤੇ ਕਿ ਮਹਾਰਾਜਾ ਸਾਹਿਬ ਦੇ ਹੁਕਮਾਂ ਮੁਤਾਬਿਕ ਇਸ ਨੂੰ ਉੱਤਰਦਾਈਆਂ ਦੇ ਕਬਜ਼ੇ ਵਿੱਚ ਰੱਖਿਆ ਗਿਆ ਸੀ, ਸਿਵਲ ਕੋਰਟ ਦਾ ਇਸ ਮੁਕੱਦਮੇ ਨੂੰ ਨਜਿੱਠਣ ਦਾ ਕੋਈ ਅਧਿਕਾਰ ਖੇਤਰ ਨਹੀਂ ਸੀ। ਉਹਨਾਂ ਨੇ ਸ਼ਿਕਾਇਤ ਕਰਤਾਵਾਂ ਦੇ ਇਸ ਇਲਜ਼ਾਮ ਤੋਂ ਵੀ ਇਨਕਾਰ ਕੀਤਾ ਕਿ ਉਹਨਾਂ ਨੂੰ ਲੋੜੀਂਦਾ ਨੋਟਿਸ ਦੇ ਦਿੱਤਾ ਗਿਆ ਸੀ।

ਮੁਕੱਦਮੇ ਵਾਲੀ ਕੋਰਟ ਵਿੱਚ ਹੇਠ ਲਿਖੇ ਮੁੱਢਲੇ ਮੁੱਦਿਆਂ ਨੂੰ ਉਲੀਕਿਆ ਗਿਆ ਸੀ:

ੳ) ਕੀ ਇਸ ਕੋਰਟ ਵਿੱਚ ਇਹ ਮੁਕੱਦਮਾ ਚਲਾਉਣ ਦਾ ਅਧਿਕਾਰ ਨਹੀਂ ਹੈ ਅਤੇ ਕੀ ਇਸ ਕੋਰਟ ਦਾ ਇਸ ਮੁਕੱਦਮੇ ਦੀ ਕਾਰਵਾਈ ਚਲਾਉਣ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ?

ਅ) ਕੀ ਸ਼ਿਕਾਇਤ ਕਰਤਾਵਾਂ ਵੱਲੋਂ ਦਿੱਤਾ ਗਿਆ ਨੋਟਿਸ ਨੁਕਸਦਾਰ ਹੈ?

ਦੋਵੇਂ ਮੁੱਦਿਆਂ ਨੂੰ ਉੱਤਰਦਾਈਆਂ ਦੇ ਵਿਰੁੱਧ ਪਾਇਆ ਗਿਆ, ਅਤੇ ਇਹ ਫੈਸਲਾ ਕੀਤਾ ਗਿਆ ਕਿ ਮੁਕੱਦਮਾ ਚੱਲ ਸਕਦਾ ਸੀ।

(3) ਡੀ./ਏ. ਸਬੂਤ ਉਸ ਹੁਕਮ ਦੀ ਕਾਪੀ ਹੈ ਜੋ ਕਿ ਡਿਊੜੀ ਮੁਵਾਲਾ ਦੇ ਮੁੱਖੀ ਵੱਲੋਂ ਜਾਰੀ ਕੀਤਾ ਗਿਆ ਸੀ, ਜਿਸਦਾ ਹਵਾਲਾ ਦਰਖਾਸਤ ਵਿੱਚ ਦਿੱਤਾ ਗਿਆ ਹੈ ਅਤੇ ਜਿਸਤੇ ਉੱਤਰਦਾਈਆਂ ਨੇ ਨਿਰਭਰ ਕੀਤਾ ਹੈ। ਜਿਵੇਂ ਕਿ ਮੈਂ ਪਹਿਲਾਂ ਹੀ ਇਹ ਤੱਥ ਦੱਸ ਦਿੱਤਾ ਹੈ ਕਿ ਇਹ ਹੁਕਮ ਜਾਰੀ ਕੀਤਾ ਗਿਆ ਸੀ ਅਤੇ ਇਸਨੂੰ ਲਾਗੂ ਕੀਤਾ ਗਿਆ ਸੀ ਅਤੇ ਇਹ ਗੱਲ ਦਰਖਾਸਤ ਵਿੱਚ ਮੰਨੀ ਗਈ ਸੀ। ਇਹ ਹੁਕਮ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ:

ਮਹਾਰਾਜ ਸਾਹਿਬ ਧੀਰਜ ਮਹਿੰਦਰ ਬਹਾਦੁਰ ਦਾ ਹੁਕਮ ਜਿਵੇਂ ਕਿ ਸਰਦਾਰ ਭਰਪੂਰ ਸਿੰਘ ਢਿੱਲੋਂ, ਸਰਦਾਰ ਸਾਹਿਬ ਡਿਉੜੀ ਮਵਾਲਾ ਵੱਲੋਂ ਸੁਣਾਇਆ ਗਿਆ —

ਗੁਰਦੁਆਰਾ ਸਾਹਿਬ ਗਾਗਾ ਦੇ ਮਹੰਤ ਹਰਨਾਮ ਸਿੰਘ ਦੀ ਮੌਤ ਤੋਂ ਬਾਅਦ, ਇਸ ਧਾਰਮਿਕ ਸੰਸਥਾ ਦਾ ਪ੍ਰਬੰਧ ਚਲਾਉਣ ਲਈ ਇੱਕ ਕਮੇਟੀ ਬਣਾਈ ਗਈ ਸੀ, ਪਰ ਇਸ ਪਵਿੱਤਰ ਗੁਰਦੁਆਰੇ ਦੇ ਪੁਜਾਰੀਆਂ ਵੱਲੋਂ ਉਹਨਾਂ ਦੇ ਰਸਤੇ ਵਿੱਚ ਰੁਕਾਵਟਾਂ ਪੈਦਾ ਕੀਤੀਆਂ ਗਈਆਂ ਸਨ। ਨਾਂ ਤਾਂ ਉਹ ਧੂਪ ਬੱਤੀ ਆਦਿ ਰਸਮਾਂ ਆਪ ਕਰਦੇ ਸਨ, ਨਾਂ ਹੀ ਉਹ ਸਰਸਰੀ ਆਏ ਮਹਿਮਾਨਾਂ ਨੂੰ ਖੁਰਾਕ ਮੁਹੱਈਆਂ ਕਰਦੇ ਸਨ (ਪੰਜਾਬੀ ਵਿੱਚ ਇਸ ਲਈ ਸ਼ਬਦ 'ਰਾਹੀ' ਹੈ ਜਿਸਦਾ ਸ਼ਬਦੀ ਅਰਥ ਰਾਹਗੀਰ ਹੈ)। ਇਸ ਕਰਕੇ ਸਾਰੇ ਪੁਜਾਰੀਆਂ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਦੀ ਯਾਦ ਵਿੱਚ ਬਣਾਏ ਗਾਗਾ ਦੇ ਇਸ ਪਵਿੱਤਰ ਗੁਰਦੁਆਰੇ ਤੋਂ ਬੇਦਖਲ ਕੀਤਾ ਜਾ ਰਿਹਾ ਹੈ, ਅਤੇ ਡਿਉੜੀ ਮੁਵਾਲਾ ਰਾਹੀਂ ਇੱਕ ਤਨਖਾਹਦਾਰ ਪ੍ਰਬੰਧਕ ਅਤੇ ਇੱਕ ਸਥਾਨਕ ਪ੍ਰਬੰਧਕ ਕਮੇਟੀ ਲਈ ਮਨਜੂਰੀ ਦਿੱਤੀ ਜਾਂਦੀ ਹੈ। 542 ਬਿੱਘੇ ਅਤੇ 4 ਬਿਸਵੇ ਜ਼ਮੀਨ ਦੀ ਜਮ੍ਹਾਂ-ਬੰਦੀ ਵਾਸਤੇ ਵੀ ਮਨਜੂਰੀ ਦਿੱਤੀ ਜਾਂਦੀ ਹੈ, ਜੋ ਕਿ ਮਾਲੀਏ ਦੇ ਕਾਗਜ਼ਾਂ ਮੁਤਾਬਿਕ ਉੱਪਰ ਦੱਸੇ ਗੁਰਦੁਆਰੇ ਨਾਲ ਸਬੰਧ ਰੱਖਦੀ ਹੈ, ਇਸਦੇ ਨਾਲ ਹੀ ਮੁਆਫ਼ੀ ਦੇ 106 ਰੁਪਏ ਅਤੇ 170 ਰੁਪਏ ਦੀ ਸਲਾਨਾ ਗਰਾਂਟ ਦੱਸੇ ਗਏ ਗੁਰਦੁਆਰੇ ਆਦਿ ਦੇ ਨਾਮ ਤੇ ਮਨਜ਼ੂਰ ਕੀਤੀ ਜਾਂਦੀ ਹੈ।"

(4) ਉੱਤਰਦਾਈਆਂ ਦੀ ਸਥਿਤੀ ਇਹ ਸੀ ਕਿ ਉੱਪਰ ਦੱਸਿਆ ਗਿਆ ਹੁਕਮ ਮਹਾਰਾਜਾ ਸਾਹਿਬ ਨੇ ਸਟੇਟ ਦੇ ਸ਼ਾਸਕ ਹੋਣ ਦੇ ਅਧਿਕਾਰ ਨਾਲ ਜਾਰੀ ਕੀਤਾ ਸੀ, ਇਸ ਲਈ ਸਿਵਲ ਕੋਰਟ ਨੂੰ ਇਹ ਫੈਸਲਾ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਕਿ ਉਹ ਇਸ ਤਰ੍ਹਾਂ ਦਾ ਹੁਕਮ ਜਾਰੀ ਕਰਨ ਦੀ ਸ਼ਕਤੀ ਰੱਖਦਾ ਸੀ। ਇਸ ਲਈ ਇਹ ਸਵਾਲ ਫੁੱਲ ਬੈਂਚ ਦੇ ਹਵਾਲੇ ਕਰ ਦਿੱਤਾ ਗਿਆ।

(5) ਸਭ ਤੋਂ ਜ਼ਰੂਰੀ ਨੁਕਤਾ ਇਹ ਫੈਸਲਾ ਕਰਨਾ ਹੈ ਕਿ ਜਦੋਂ ਮਹਾਰਾਜਾ ਸਾਹਿਬ ਨੇ ਇਹ ਹੁਕਮ ਜਾਰੀ ਕੀਤਾ ਸੀ ਤਾਂ ਉਸ ਵੇਲੇ ਦੀ ਪਟਿਆਲਾ ਸਟੇਟ ਵਿੱਚ ਉਸਦੀ ਸਥਿਤੀ ਕੀ ਸੀ, ਯਾਨੀ ਕਿ ਇਹ ਇੱਕ ਸੁਤੰਤਰ ਅਤੇ ਸੰਪੂਰਨ ਸੱਤਾ ਵਾਲੀ ਸਟੇਟ ਸੀ, ਅਤੇ ਜੇ ਇਸ ਤਰ੍ਹਾਂ ਸੀ, ਤਾਂ ਕੀ ਇਸਦੇ ਸ਼ਾਸਕ ਕੋਲ ਆਪਣੀ ਮਰਜ਼ੀ ਮੁਤਾਬਿਕ ਕੋਈ ਵੀ ਹੁਕਮ ਜਾਰੀ ਕਰਨ ਦੀ ਅਸੀਮ ਸ਼ਕਤੀ ਸੀ।

ਇਹ ਗੱਲ ਆਮ ਜਾਣਕਾਰੀ ਦੀ ਹੈ ਕਿ ਔਰੰਗਜੇਬ ਦੇ ਸਮੇਂ ਤੱਕ ਅਤੇ ਬਲਕਿ ਉਸਦੀ ਮੌਤ ਤੋਂ ਬਾਅਦ ਦੇ ਕੁੱਝ ਸਮੇਂ ਤੱਕ, ਜੋ ਇਲਾਕਾ ਬਾਅਦ ਵਿੱਚ ਬਾਕੀ ਪੰਜਾਬ ਦੀ ਤਰ੍ਹਾਂ ਪਟਿਆਲਾ ਸਟੇਟ ਦੇ ਤੌਰ ਤੇ ਜਾਣਿਆ ਜਾਣ ਲੱਗਾ, ਉਹ ਮੁਗ਼ਲ ਸਲਤਨਤ ਦਾ ਇੱਕ ਹਿੱਸਾ ਸੀ। ਮੁਗ਼ਲ ਸਰਕਾਰ ਦੇ ਗੈਰ ਮੁਸਲਿਮ ਲੋਕਾਂ ਉੱਪਰ ਜ਼ੁਲਮਾਂ ਕਰਕੇ, ਜੋ ਕਿ ਔਰੰਗਜੇਬ ਦੇ ਸਮੇਂ ਦੌਰਾਨ ਸ਼ੁਰੂ ਹੋਏ ਅਤੇ ਜਿਨ੍ਹਾਂ ਨੂੰ ਉਸਦੇ ਕੁੱਝ ਉੱਤਰਾਧਿਕਾਰੀਆਂ ਨੇ ਹੋਰ ਤੇਜ਼ ਕਰ ਦਿੱਤਾ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਬਗਾਵਤਾਂ ਅਤੇ ਵਿਦਰੋਹ ਖੜ੍ਹੇ ਹੋ ਗਏ। ਪੰਜਾਬ ਵਿੱਚ ਸਿੱਖ ਸਰਕਾਰੀ ਗੁੱਸੇ ਦਾ ਖ਼ਾਸ ਸ਼ਿਕਾਰ ਬਣ ਗਏ, ਜਿਸਦਾ ਸਿੱਟਾ ਇਹ ਹੋਇਆ ਕਿ ਉਹਨਾਂ ਨੂੰ ਮਜਬੂਰ ਹੋ ਕੇ ਆਪਣੀ ਰਾਖੀ ਲਈ ਹਥਿਆਰ ਉਠਾਉਣੇ ਪਏ ਅਤੇ ਵਿਦੇਸ਼ੀ ਅਤੇ ਜ਼ਾਲਿਮ ਰਾਜ ਤੋਂ ਦੇਸ਼ ਨੂੰ ਛੁਟਕਾਰਾ ਦਵਾਉਣ ਵਾਸਤੇ ਇਸ ਤਰ੍ਹਾਂ ਕਰਨਾ ਪਿਆ। ਸਲਤਨਤ ਲੜਖੜਾਉਣ ਲੱਗੀ। ਲਾਹੌਰ ਅਤੇ ਸਰਹਿੰਦ ਦੇ ਗਵਰਨਰਾਂ ਦੀ ਸ਼ਕਤੀ ਨੂੰ ਝਟਕਾ ਲੱਗਿਆ, ਅਤੇ ਦੇਸ਼ ਦੇ ਕੋਨ-ਕੋਨੇ ਵਿੱਚ ਬਹੁਤ ਸਾਰੀਆਂ ਛੋਟੀਆਂ- ਛੋਟੀਆਂ ਸੁਤੰਤਰ ਰਾਜ-ਸਰਕਾਰਾਂ (principalities) ਪੈਦਾ ਹੋ ਗਈਆਂ।

ਇਸ ਸਮੇਂ ਦੌਰਾਨ, ਨਾਦਰਸ਼ਾਹ ਦਾ ਹਮਲਾ ਹੋਇਆ ਜਿਸਨੇ ਪੰਜਾਬ ਵਿੱਚ ਮੁਗ਼ਲ ਸਰਕਾਰ ਨੂੰ ਖੇਰੂ-ਖੇਰੂ ਕਰ ਦਿੱਤਾ ਅਤੇ ਇਸਦੀ ਸ਼ਕਤੀ ਨੂੰ ਕਮਜ਼ੋਰ ਕਰ ਦਿੱਤਾ। ਇਸ ਤਰ੍ਹਾਂ ਪੈਦਾ ਹੋਏ ਭੰਬਲ-ਭੂਸੇ ਦਾ ਸਿੱਖਾਂ ਨੇ ਛੇਤੀ ਹੀ ਫਾਇਦਾ ਉਠਾਇਆ ਅਤੇ ਇਲਾਕੇ ਦੇ ਕੁੱਝ ਹਿੱਸਿਆਂ ਤੇ ਕਬਜ਼ਾ ਕਰ ਲਿਆ। ਨਾਦਰਸ਼ਾਹ ਨੇ ਉੱਤਰ ਪੱਛਮੀ ਭਾਰਤ ਦਾ ਇੱਕ ਹਿੱਸਾ ਆਪਣੀ ਸਲਤਨਤ ਵਿੱਚ ਮਿਲਾ ਲਿਆ, ਪਰ 1747 ਵਿੱਚ ਉਸਦੀ ਮੌਤ ਨਾਲ ਉਸਦਾ ਕੰਮ ਅਧੂਰਾ ਰਹਿ ਗਿਆ। ਉਸ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ ਨੇ ਸਾਰੇ ਪੰਜਾਬ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਨਾਲ ਕੁਦਰਤੀ ਤੌਰ ਤੇ ਉਸਦਾ ਮੁਕਾਬਲਾ ਸਿੱਖਾਂ ਨਾਲ ਹੋਇਆ। ਸਿੱਖਾਂ ਨੇ ਉਸਦੇ ਵਿਰੁੱਧ ਜੋ ਸੰਘਰਸ਼ ਕੀਤਾ ਅਤੇ ਦਿੱਲੀ ਦੇ ਮੁਗ਼ਲ ਰਾਜ ਦੇ ਏਜੰਟਾਂ, ਵਿਰੁੱਧ, ਜੋ ਏਜੰਟ ਵਿਦੇਸ਼ੀ ਧਾੜਵੀਆਂ ਨਾਲ ਉਹਨਾਂ ਦਾ ਖਾਤਮਾਂ ਕਰਨ ਲਈ ਰਲ ਗਏ ਸਨ, ਸਾਨੂੰ ਇਸਦਾ ਵੇਰਵੇ ਸਹਿਤ ਗਿਆਨ ਪ੍ਰਾਪਤ ਕਰਨ ਲਈ ਇਤਿਹਾਸ ਦੀਆਂ ਕਿਤਾਬਾਂ ਦੇਖਣੀਆਂ ਪੈਣ ਗੀਆਂ। ਇੱਥੇ ਜੋ ਕੁੱਝ ਦੱਸਣ ਦੀ ਜ਼ਰੂਰਤ ਹੈ ਉਹ ਇਹ ਹੈ ਕਿ 1788 ਤੱਕ, ਜਦੋਂ ਮਨੀਪੁਰ ਪਿਖੇ ਸਿੱਖਾਂ ਅਤੇ ਅਬਦਾਲੀ ਵਿਚਕਾਰ ਪਹਿਲੀ ਗਹਿ-ਗੱਚ ਲੜਾਈ ਹੋਈ, ਆਲਾ ਸਿੰਘ, ਜਿਸਨੇ ਕਿ ਪਟਿਆਲਾ ਦੇ ਰਾਜ ਘਰਾਣੇ ਦੀ ਬੁਨਿਆਦ ਰੱਖੀ ਅਤੇ ਜਿਸਦੇ ਨਾਮ ਤੇ ਬਾਅਦ ਵਿੱਚ ਸ਼ਹਿਰ ਦਾ ਨਾਮ ਰੱਖਿਆ ਗਿਆ, ਨੇ ਆਪਣੇ ਲਈ ਇੱਕ ਛੋਟੀ ਜਿਹੀ ਸਟੇਟ ਬਣਾ ਲਈ ਸੀ, ਅਤੇ ਇਹ ਆਲਾ ਸਿੰਘ

ਹੀ ਸੀ ਜਿਸਨੇ ਕਿ ਸਿੱਖ ਫੌਜ ਦੀ ਅਗਵਾਈ ਕੀਤੀ ਸੀ। ਇਸ ਸਬੰਧ ਵਿੱਚ ਡਾਕਟਰ ਨਰਿੰਦਰ ਕ੍ਰਿਸ਼ਨ ਸਿਨਹਾ ਦੇ ਲੇਖ, "ਸਿੱਖ ਸ਼ਕਤੀ ਦਾ ਉਭਾਰ" ਦਾ ਹਵਾਲਾ ਦਿੱਤਾ ਜਾ ਸਕਦਾ ਹੈ।

ਇਸ ਤੋਂ ਬਾਅਦ ਪੰਜਾਬ ਵਿੱਚ ਸੱਤਾ ਦੀ ਲੜਾਈ ਤਿੰਨ ਧਿਰਾਂ ਵਿਚਕਾਰ ਸੀ — ਮੁਗ਼ਲ, ਅਬਦਾਲੀ ਅਤੇ ਸਿੱਖ। ਬੇਸ਼ੱਕ ਸਿੱਖ ਕਮਜੋਰ ਸਨ, ਪਰ ਅਬਦਾਲੀ ਅਤੇ ਮੁਗਲਾਂ ਦੀ ਲੜਾਈ ਕਰਕੇ ਪੈਦਾ ਹੋਈ ਹਾਲਤ ਦਾ ਉਹਨਾਂ ਨੇ ਪੂਰਾ ਫਾਇਦਾ ਉਠਾਇਆ, ਅਤੇ ਹੌਲੀ-ਹੌਲੀ ਉਹਨਾਂ ਨੇ ਆਪਣੇ ਆਪ ਨੂੰ ਸੰਗਠਿਤ ਕਰ ਲਿਆ। ਕਦੇ-ਕਦੇ ਮੁਗ਼ਲ ਸ਼ਹਿਨਸ਼ਾਹ ਦੇ ਏਜੰਟ ਅਹਿਮਦ ਸ਼ਾਹ ਅਬਦਾਲੀ ਵਿਰੁੱਧ ਲੜਨ ਵਾਸਤੇ ਉਹਨਾਂ ਦੀ ਸਹਾਇਤਾ ਚਾਹੁੰਦੇ ਸਨ, ਅਤੇ ਇਸ ਤਰ੍ਹਾਂ ਉਨ੍ਹਾਂ ਨੂੰ ਅਸਲੀ ਤਾਕਤ ਪ੍ਰਾਪਤ ਕਰਨ ਦਾ ਅਤੇ ਸਟੇਟਾਂ ਦੀਆਂ ਹੱਦਾਂ ਵਧਾਉਣ ਦਾ ਹੋਰ ਮੌਕਾ ਮਿਲ ਗਿਆ, ਜੋ ਸਟੇਟਾਂ ਉਹਨਾਂ ਨੇ ਇਧਰ ਉੱਧਰ ਸਥਾਪਿਤ ਕਰ ਲਈਆਂ। ਦਿਨ-ਬਦਿਨ ਮੁਗ਼ਲ ਸ਼ਹਿਨਸ਼ਾਹ ਦੀ ਪਕੜ ਢਿੱਲੀ ਹੁੰਦੀ ਗਈ ਅਤੇ ਪੰਜਾਹਵਿਆਂ ਦੇ ਸ਼ੁਰੂ ਵਿੱਚ ਭਾਵੇਂ ਪੰਜਾਬ ਦਾ ਕਾਨੂੰਨੀ ਸ਼ਾਸਕ ਮੁਗ਼ਲ ਸ਼ਹਿਨਸ਼ਾਹ ਸੀ, ਪਰ ਅਸਲ ਸ਼ਕਤੀ ਕੁੱਝ ਅਬਦਾਲੀ ਨੇ ਅਤੇ ਕੁੱਝ ਸਿੱਖਾਂ ਨੇ ਪ੍ਰਾਪਤ ਕਰ ਲਈ ਸੀ। 1751 ਵਿੱਚ, ਅਬਦਾਲੀ ਨੇ ਤੀਜੀ ਵਾਰ ਭਾਰਤ ਤੇ ਹਮਲਾ ਕੀਤਾ। ਉਸਨੇ ਲਾਹੌਰ ਦੇ ਮੁਗਲ ਸੂਬੇਦਾਰ ਮੀਰ ਮੰਨੂ ਨੂੰ ਹਰਾ ਦਿੱਤਾ ਅਤੇ ਕਸ਼ਮੀਰ ਤੇ ਜਿੱਤ ਪ੍ਰਾਪਤ ਕੀਤੀ। ਮੁਗ਼ਲ ਸ਼ਹਿਨਸ਼ਾਹ ਇੰਨਾਂ ਲਾਚਾਰ ਹੋ ਗਿਆ ਕਿ ਉਸਨ ਸਰਹਿੰਦ ਤੱਕ ਪੰਜਾਬ ਦਾ ਉੱਤਰੀ ਹਿੱਸਾ ਅਬਦਾਲੀ ਨੂੰ ਸੌਂਪ ਦਿੱਤਾ ਅਤੇ ਬਾਅਦ ਵਿੱਚ ਮੰਨੂ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ।

(6) ਆਜ਼ਾਦੀ ਲਈ ਸਿੱਖਾਂ ਦੀ ਲੜਾਈ ਦੇ ਦੂਜੇ ਪੜਾਅ ਦੀ ਇਹ ਸ਼ੁਰੂਆਤ ਸੀ। ਮੁਗ਼ਲਾਂ ਨੇ ਅਮਲੀ ਤੌਰ ਤੇ ਪੰਜਾਬ ਤੋਂ ਆਪਣੇ ਆਪ ਨੂੰ ਵੱਖ ਕਰ ਲਿਆ ਸੀ, ਅਤੇ ਉਹਨਾਂ ਦੀ ਜਗ੍ਹਾਂ ਅਬਦਾਲੀ ਨ ਲੈ ਲਈ ਸੀ, ਅਤੇ ਕਿਉਂਕਿ ਅਬਦਾਲੀ ਸਿੱਖਾਂ ਨੂੰ ਹਰਾਉਣ ਲਈ ਕਾਫ਼ੀ ਉਤਾਵਲਾਪਣ ਦਿਖਾ ਰਿਹਾ ਸੀ, ਇਸ ਲਈ ਸਿੱਖਾਂ ਨੂੰ ਹੁਣ ਉਸਦੇ ਖਿਲਾਫ਼ ਲੜਣਾ ਪੈ ਰਿਹਾ ਸੀ। ਫਿਰ ਵੀ, ਇਸ ਨਾਲ ਉਹ ਕਿਸੇ ਤਰ੍ਹਾਂ ਨਾਂ ਡਰੇ ਅਤੇ ਉਹਨਾਂ ਨੇ ਜ਼ਿਆਦਾ ਤੋਂ ਜ਼ਿਆਦਾ ਤਾਕਤ ਇਕੱਠੀ ਕਰਨ ਅਤੇ ਇਲਾਕਾ ਮੱਲਣਾ ਜਾਰੀ ਰੱਖਿਆ। ਜੋ ਹਾਲਤ ਓਹਨਾਂ ਦੇ ਹੱਕ ਵਿੱਚ ਜਾਂਦੀ ਸੀ ਉਹ ਇਹ ਸੀ ਕਿ ਲਾਹੌਰ ਅਬਦਾਲੀ ਤੋਂ ਆਜ਼ਾਦੀ ਚਾਹੁੰਦਾ ਸੀ ਅਤੇ ਦੱਖਣ ਵਿੱਚ ਮਰਾਠੇ ਹੋਂਦ ਵਿੱਚ ਆ ਗਏ ਸਨ। ਅਬਦਾਲੀ ਫਿਰ ਭਾਰਤ ਆ ਗਿਆ ਅਤੇ ਉਸਨੇ 1761 ਵਿੱਚ ਪਾਣੀਪਤ ਵਿਖੇ ਆਪਣੇ ਦੁਸ਼ਮਣਾਂ ਨਾਲ ਲੜਾਈ ਲੜੀ। ਇਹ ਲੜਾਈ ਪਾਣੀਪਤ ਦੀ ਤੀਜੀ ਲੜਾਈ ਦੇ ਤੌਰ ਤੇ ਜਾਣੀ ਜਾਂਦੀ ਹੈ।

ਆਲਾ ਸਿੰਘ ਨੇ ਅਬਦਾਲੀ ਦਾ ਸਾਥ ਦਿੱਤਾ। ਭਾਵੇਂ ਅਬਦਾਲੀ ਨੇ ਲੜਾਈ ਜਿੱਤ ਲਈ, ਪਰ ਉਹ ਇੱਥੇ ਜ਼ਿਆਦਾ ਦੇਰ ਨਾ ਰਿਹਾ, ਅਤੇ ਆਲਾ ਸਿੰਘ ਨੂੰ ਹੋਰ ਇਲਾਕਾ ਸੌਂਪਣ ਤੋਂ ਬਾਅਦ ਆਪਣੇ ਦੇਸ਼ ਨੂੰ ਪਰਤ ਗਿਆ। ਆਉਣ ਵਾਲੇ ਸਾਲਾਂ ਵਿੱਚ ਸਿੱਖ ਪੰਜਾਬ ਦੇ ਜ਼ਿਆਦਾ ਵੱਡੇ ਹਿੱਸੇ ਤੇ ਕਬਜ਼ਾ ਕਰਨ ਵਿੱਚ ਸਫ਼ਲ ਹੋ ਗਏ ਅਤੇ ਆਲਾ ਸਿਘ ਇੱਕ ਤਾਕਤਵਰ ਰਾਜਾ ਬਣ ਗਿਆ। ਅਹਿਮਦਸ਼ਾਹ ਨੇ ਫਿਰ ਪੰਜਾਬ ਤੇ ਹਮਲਾ ਕੀਤਾ, ਸਿੱਖਾਂ ਦਾ ਕਤਲੇਆਮ ਕੀਤਾ, ਜਿਸਨੂੰ ਕਿ 5 ਜੂਨ 1762 ਦਾ 'ਮਹਾ ਘਲੂੱਘਾਰਾ' ਕਿਹਾ ਜਾਂਦਾ ਹੈ, ਉਸਨੇ ਆਲਾ ਸਿੰਘ ਨੂੰ ਕਾਬੂ ਕਰ ਲਿਆ ਅਤੇ ਲਾਹੌਰ ਲੈ ਗਿਆ। ਪਰ ਛੇਤੀ ਹੀ ਉਸਨੂੰ ਆਪਣੀ ਮੁਸ਼ਕਿਲ ਦਾ ਅਹਿਸਾਸ ਹੋ ਗਿਆ, ਉਸਨੇ ਆਲਾ ਸਿੰਘ ਨੂੰ ਛੱਡ ਦਿੱਤਾ ਅਤੇ ਲਾਹੌਰ ਦੇ ਗਵਰਨਰ ਨੂੰ ਥੋੜ੍ਹੀ ਜਿਹੀ ਭੇਟਾ ਦੀ ਅਦਾਇਗੀ ਦੇ ਆਧਾਰ ਤੇ ਉਸਨੂੰ ਆਪਣੇ ਇਲਾਕਿਆਂ ਤੇ ਰਾਜ ਕਰਨ ਦਾ ਅਧਿਕਾਰ ਦੇ ਦਿੱਤਾ। ਸੰਕੇਤਕ ਤੌਰ ਤੇ, ਆਲਾ ਸਿੰਘ ਅਬਦਾਲੀ ਦਾ ਅਧੀਨ ਰਾਜਾ ਬਣ ਗਿਆ, ਪਰ ਉਸਦੀ ਅਧੀਨਗੀ ਤੂਫ਼ਾਨ ਅੱਗੇ ਝੁਕਣ ਨਾਲੋਂ ਜ਼ਿਆਦਾ ਕੁੱਝ ਨਹੀਂ ਸੀ। ਅਬਦਾਲੀ ਦਾ ਨਵਾਂ ਅਤੇ ਅਖੀਰਲਾ ਹਮਲਾ 1767 ਵਿੱਚ ਹੋਇਆ। ਹੁਣ ਬੇਸ਼ਕ ਉਸਨੇ ਲੜਾਈਆਂ ਵਿੱਚ ਸਿੱਖਾਂ ਨੂੰ ਹਰਾ ਦਿੱਤਾ, ਪਰ ਉਹ ਉਹਨਾਂ ਨੂੰ ਪੂਰੀ ਤਰ੍ਹਾਂ ਝੁਕਾ ਨਾ ਸਕਿਆ। ਇਸ ਲਈ ਉਹ ਵਾਪਿਸ ਚਲਾ ਗਿਆ ਅਤੇ ਸਿੱਖਾਂ ਲਈ ਮੈਦਾਨ ਖਾਲੀ ਕਰ ਗਿਆ।

ਅਬਦਾਲੀ ਦੇ ਜਾਣ ਨਾਲ ਪੈਦਾ ਹੋਏ ਹਾਲਾਤ ਦਾ ਸਿੱਖਾਂ ਨੇ ਛੇਤੀ ਹੀ ਫ਼ਾਇਆ ਉਠਾਇਆ, ਅਤੇ ਕੁੱਝ ਸਾਲਾਂ ਵਿੱਚ ਹੀ ਸਹਾਰਨਪੁਰ ਤੋਂ ਅਟਕ ਤੱਕ ਅਤੇ ਮੁਲਤਾਨ ਤੋਂ ਕਾਂਗੜੇ ਤੱਕ ਸਾਰੇ ਦੇਸ਼ ਦੇ ਮਾਲਿਕ ਬਣ ਗਏ। ਉਹਨਾਂ ਨੇ ਬਾਰਾਂ ਛੋਟੀਆਂ ਸਟੇਟਾਂ ਜਾਂ ਸ਼ਾਹੀ ਸਟੇਟਾਂ ਸਥਾਪਿਤ ਕਰ ਲਈਆਂ ਜਿਨ੍ਹਾਂ ਨੂੰ 'ਮਿਸਲਾਂ' ਕਿਹਾ ਜਾਂਦਾ ਸੀ। ਉਹਨਾਂ ਵਿੱਚੋਂ ਇੱਕ ਮਿਸਲ ਦਾ ਨਾਂ ਫੂਲਕੀਆਂ ਮਿਸਲ ਸੀ ਜਿਸਦਾ ਮੁੱਖੀ ਆਲਾ ਸਿੰਘ ਸੀ। ਆਲਾ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਪੋਤਾ ਅਮਰ ਸਿੰਘ ਉਸਦਾ ਉਤਰਾਧਿਕਾਰੀ ਬਣਿਆ। ਉਹ 'ਪਾਦਸ਼ਾਹੀ-ਏ-ਜ਼ਿਮੀਦਾਰ' ਦੇ ਤੌਰ ਤੇ ਪ੍ਰਸਿੱਧ ਸੀ, (ਡਾਕਟਰ ਸਿਨਹਾ, ਪੰਨਾ 81), ਅਤੇ ਉਸਨੂੰ ਅਹਿਮਦਸ਼ਾਹ ਵੱਲੋਂ ਰਾਜ-ਏ-ਰਾਜਗਣ ਦੇ ਤੌਰ ਤੇ ਮਾਨਤਾ ਦਿੱਤਾ ਗਈ। ਅਹਿਮਦਸ਼ਾਹ ਅਬਦਾਲੀ ਦੇ ਉਤਰਾਧਿਕਾਰੀ ਜ਼ਮਨ ਸ਼ਾਹ ਨੇ ਪੰਜਾਬ ਨੂੰ ਫਿਰ ਫਤਹਿ ਕਰਨ ਦਾ ਯਤਨ ਕੀਤਾ, ਪਰ ਉਸਦੀ ਇਹ ਇੱਛਾ ਸੁਪਨਾ ਹੀ ਸਾਬਿਤ ਹੋਈ ਅਤੇ 1803 ਤੱਕ ਸਾਰਾ ਸੂਬਾ ਆਜ਼ਾਦ ਹੋ ਗਿਆ।

ਹਰੀ ਰਾਮ ਗੁਪਤਾ ਨੇ ਸਿੱਖਾਂ ਦੇ ਇਤਿਹਾਸ ਦੀ ਪ੍ਰਸਿੱਧ ਕਿਤਾਬ (1739-1786) ਵਿੱਚ ਸਥਿਤੀ ਦਾ ਹੇਠ ਲਿਖੇ ਸ਼ਬਦਾਂ ਵਿੱਚ ਨਿਚੋੜ ਪੇਸ਼ ਕੀਤਾ ਹੈ:

"ਆਪਣੇ ਸਾਰੇ ਦੁਸ਼ਮਣਾਂ ਤੇ ਜਿੱਤ ਪ੍ਰਾਪਤ ਕਰਕੇ, ਸਿੱਖਾਂ ਨੇ ਪੰਜਾਬ ਦੇ ਵੱਡੇ ਹਿੱਸੇ ਤੇ ਆਪਣਾ ਕਬਜ਼ਾ ਜਮਾ ਲਿਆ, ਜੋ ਕਿ ਪੂਰਬ ਵਿੱਚ ਜਮਨਾ ਕਿਨਾਰੇ ਤੋਂ ਲੈ ਕੇ ਬੁਰੀਆ ਤੋਂ ਕਰਨਾਲ ਤੱਕ ਜਾਂਦਾ ਹੋਇਆ, ਪੱਛਮ ਵਿੱਚ ਇੰਦੂ ਤੋਂ ਅਟਕ ਤੱਕ ਅਤੇ ਭਾਖਰ ਦੇ ਇਲਾਕੇ ਤੱਕ, ਦੱਖਣ ਵਿੱਚ ਮੁਲਤਾਨ ਅਤੇ ਸਿੰਧ ਦੇ ਗੁਆਂਢ ਤੱਕ, ਸ਼ਿਵਾਲਿਕ ਪਹਾੜੀਆਂ ਦੇ ਪੈਰਾਂ ਤੱਕ, ਦੱਖਣ ਵਿੱਚ ਭਿੰਬਰ ਜੰਮੂ ਅਤੇ ਕਾਂਗੜੇ ਦੀਆਂ ਹੱਦਾਂ ਤੱਕ ਫੈਲਿਆ ਹੋਇਆ ਸੀ, ਇਸ ਵਿਚਕਾਰ ਕਿਤੇ-ਕਿਤੇ ਕੋਈ ਛੋਟਾ-ਮੋਟਾ ਆਜ਼ਾਦ ਮੁੱਖੀਆ ਰਾਜ ਕਰਦਾ ਸੀ।" (ਪੰਨਾ 269)

"ਇਸ ਤਰ੍ਹਾਂ ਪਿਛਲੇ ਤੀਹ ਸਾਲਾਂ ਦੀ ਮਾਰੂ ਲੜਾਈ ਅਤੇ ਘਾਲਣਾ ਤੋਂ ਸਿੱਖ ਜੇਤੂ ਬਣ ਕੇ ਉੱਭਰੇ; ਅਤੇ ਉਹਨਾਂ ਦੀ ਅਧੀਨਗੀ ਦੀ ਲੰਮੀ ਤਕਲੀਫ਼ ਖਤਮ ਹੋਈ ਅਤੇ ਆਜ਼ਾਦੀ ਦਾ ਉਹਨਾਂ ਦਾ ਸੁਪਨਾ ਸਾਕਾਰ ਹੋਇਆ।" (ਪੰਨਾ 271)

(7) 1768 ਤੋਂ ਬਾਅਦ ਨਾ ਤਾਂ ਮੁਗਲਾਂ ਦਾ ਅਤੇ ਨਾ ਹੀ ਅਹਿਮਦਸ਼ਾਹ ਅਬਦਾਲੀ ਦੇ ਉਤਰਾਧਿਕਾਰੀਆਂ ਦਾ ਵੱਖ-ਵੱਖ ਸਟੇਟਾਂ ਤੇ, ਜਿਨ੍ਹਾਂ ਵਿੱਚ ਪਟਿਆਲਾ ਸਟੇਟ ਵੀ ਸ਼ਾਮਿਲ ਸੀ, ਵਾਸਤਵਿਕ (De facto) ਜਾਂ ਕਾਨੂੰਨੀ (De Jure) ਅਧਿਕਾਰ ਰਿਹਾ। ਇਹਨਾਂ ਵਿੱਚੋਂ ਹਰ ਇਕ ਸਟੇਟ ਖ਼ਾਸ ਤੌਰ ਤੇ ਵੱਡੀਆਂ ਸਟੇਟਾਂ, ਜਿਨ੍ਹਾਂ ਵਿੱਚੋਂ ਪਟਿਆਲਾ ਸਟੇਟ ਨੂੰ ਮੁੱਖ ਸਥਾਨ ਪ੍ਰਾਪਤ ਸੀ, ਆਜ਼ਾਦ ਹੋ ਗਿਆ। ਸਤਲੁਜ ਦੇ ਦੂਸਰੇ ਪਾਸੇ ਸ਼ੁਕਰਚੱਕੀਆ ਮਿਸਲ ਦੇ ਮੁੱਖੀ ਮਹਾਰਾਜਾ ਰਣਜੀਤ ਸਿੰਘ ਨੇ ਛੋਟੀਆਂ ਸਟੇਟਾਂ (Principalities) ਤੇ ਕਬਜਾਂ ਕਰ ਲਿਆ, ਲਾਹੌਰ ਨੂੰ ਜਿੱਤ ਲਿਆ ਅਤੇ ਆਪਣੇ ਆਪ ਨੂੰ ਇੱਕ ਸ਼ਕਤੀਸ਼ਾਲੀ ਬਾਦਸ਼ਾਹ ਦੇ ਤੌਰ ਤੇ ਸਥਾਪਿਤ ਕਰ ਲਿਆ। ਉਸ ਦੀਆਂ ਸਰਹੱਦਾਂ ਸਤਲੁਜ ਤੋਂ ਕੰਧਾਰ ਤੱਕ ਅਤੇ ਸ਼ਿਕਾਰਪੁਰ (ਹੁਣ ਸਿੰਧ ਵਿੱਚ) ਤੋਂ ਮੁਲਤਾਨ ਤੱਕ ਫੈਲੀਆਂ ਹੋਈਆਂ ਸਨ। ਇਸ ਗੱਲ ਤੋਂ ਡਰਦੇ ਹੋਏ ਕਿ ਉਸਦਾ ਇਰਾਦਾ ਸਤਲੁਜ ਦੇ ਇਸ ਪਾਰ ਪਟਿਆਲਾ ਦੀਆਂ ਸਟੇਟਾਂ ਨੂੰ ਵੀ ਨਿਗਲ ਜਾਣ ਦਾ ਹੋ ਸਕਦਾ ਸੀ, ਇਹਨਾਂ ਸਟੇਟਾਂ ਦ ਰਾਜਿਆਂ ਨੇ ਬਰਤਾਨਵੀਆਂ ਦੀ ਸੁਰੱਖਿਆ ਲੈਣੀ ਚਾਹੀ ਜੋ ਕਿ ਉਦੋਂ ਤੱਕ ਦਿੱਲੀ ਤੇ ਕਾਬਿਜ਼ ਹੋ ਚੁੱਕੇ ਸਨ। ਬਰਤਾਨਵੀ ਗਵਰਨਰ ਜਨਰਲ ਆਪ ਵੀ ਮਹਾਰਾਜ ਰਣਜੀਤ ਸਿੰਘ ਦੀਆਂ ਜਿੱਤਾਂ ਤੋਂ ਡਰ ਗਿਆ ਸੀ ਅਤੇ ਇਹ ਸੋਚਣ ਲੱਗ ਗਿਆ ਸੀ ਕਿ ਜੇ ਉਸਨੂੰ ਨਾ ਰੋਕਿਆ ਗਿਆ ਤਾਂ ਮਹਾਰਾਜਾ ਕਿਸੇ ਸਮੇਂ ਭਾਰਤ ਵਿੱਚ ਬਰਤਾਨਵੀ ਰਾਜ ਵਾਸਤੇ ਅਸਲੀ ਖਤਰਾ ਸਾਬਿਤ ਹੋ ਸਕਦਾ ਸੀ, ਜਾਂ ਘੱਟੋ ਘੱਟ ਇਸਦੇ ਰਾਜ ਦੇ ਵਾਧੇ ਵਾਸਤੇ ਖਤਰਾ ਬਣ ਸਕਦਾ ਸੀ, ਜੋ ਵਾਧਾ ਕਰਨ ਦਾ ਉਹ ਪੱਕਾ ਇਰਾਦਾ ਰੱਖਦਾ ਸੀ। ਇਸ ਮੌਕੇ ਨੂੰ ਪਰਮਾਤਮਾ ਵੱਲੋਂ ਭੇਜਿਆ ਹੋਇਆ ਮੌਕਾ ਸਮਝ ਕੇ, ਇਸ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਜਿਸ ਨਾਲ ਮਾਰਚ, 1804 ਵਿੱਚ ਪਟਿਆਲਾ ਦੇ ਬਰਤਾਨਵੀ ਕਮਾਂਡਰ-ਇਨ-ਚੀਫ਼ ਲਾਰਡ ਲੇਕ ਨਾਲ ਮਿੱਤਰਤਾ ਵਾਲੇ ਸਬੰਧ ਬਣ ਗਏ। (ਦੇਖੋ ਪੰਜਾਬ ਸਟੇਟ ਗਜ਼ਟੀਅਰ, ਜਿਲਦ 17-ਏ, ਪੰਨਾ 47)

1809 ਵਿੱਚ, ਬਰਤਾਨਵੀ ਸਰਕਾਰ ਨੇ ਇੱਕ ਰਸਮੀ ਐਲਾਨ ਨਾਮਾ ਲਾਹੌਰ ਵਿਰੁੱਧ ਸਿਸ-ਸਤਲੁਜ ਸਟੇਟ ਦੀ ਰੱਖਿਆ ਦਾ ਕੀਤਾ, ਜਿਸ ਵਿੱਚ ਪਟਿਆਲਾ ਵੀ ਸ਼ਾਮਿਲ ਸੀ, ਜੋ ਕਿ ਉੱਪਰ ਦੱਸੇ ਗਜ਼ਟੀਅਰ ਦੇ ਅਨੁਸਾਰ, ਇਸ ਤਰ੍ਹਾਂ ਸੀ ਕਿ:

"ਮਾਲਵਾ ਅਤੇ ਸਰਹਿੰਦ ਦੇ ਮੁੱਖੀਆਂ ਦੇ ਦੇਸ਼ ਬਰਤਾਨਵੀ ਸਰਕਾਰ ਦੀ ਰੱਖਿਆ ਅੰਦਰ ਸ਼ਾਮਿਲ ਹੋ ਗਏ ਹਨ, ਇਹ ਮੁੱਖੀ ਆਪਣੇ ਕਬਜ਼ੇ ਵਾਲੇ ਇਲਾਕੇ ਵਿੱਚ ਉਹੀ ਅਧਿਕਾਰ ਅਤੇ ਸ਼ਕਤੀ ਮਾਣਦੇ ਰਹਿਣਗੇ ਜੋ ਕਿ ਪਹਿਲਾਂ ਮਾਣਦੇ ਸਨ।"

ਦੋ ਸਾਲਾਂ ਬਾਅਦ, ਸੁਰੱਖਿਆ ਦਾ ਇੱਕ ਹੋਰ ਐਲਾਨਨਾਮਾ ਕੀਤਾ ਗਿਆ, ਇਸ ਵਾਰੀ ਸਿਸ-ਸਤਲੁਜ ਮੁੱਖੀਆਂ ਦੀ ਇੱਕ-ਦੂਜੇ ਵਿਰੁੱਧ ਸੁਰੱਖਿਆ ਦਾ ਐਲਾਨਨਾਮਾ ਜਾਰੀ ਕੀਤਾ ਗਿਆ। ਇਸ ਤੋਂ ਇਹ ਪਤਾ ਲੱਗੇਗਾ ਕਿ ਪਟਿਆਲਾ ਨੇ ਬਰਤਾਨਵੀ ਸਰਕਾਰ ਨਾਲ ਜੋ ਸਮਝੌਤਾ ਕੀਤਾ ਉਹ ਪੂਰੀ ਤਰ੍ਹਾਂ ਰੱਖਿਆ ਮੰਤਵਾਂ ਲਈ ਸੀ ਅਤੇ ਸਟੇਟ ਦੀ ਅੰਦਰੂਨੀ ਪ੍ਰਭੁਸੱਤਾ ਤੇ ਇਸਦਾ ਕੋਈ ਅਸਰ ਨਹੀਂ ਸੀ।

(8) ਸਿੱਖਾਂ ਦੀਆਂ ਲੜਾਈਆਂ ਦੇ ਸਮੇਂ ਦੌਰਾਨ ਅਤੇ 1857 ਦੀ ਬਗ਼ਾਵਤ ਦੇ ਸਮੇਂ ਦੌਰਾਨ, ਪਟਿਆਲੇ ਦੇ ਰਾਜਿਆਂ ਨੇ ਬਰਤਾਨਵੀ ਹਾਕਮਾਂ ਦਾ ਸਾਥ ਦਿੱਤਾ ਅਤੇ ਵਿੱਤੀ ਅਤੇ ਮਨੁੱਖੀ ਸਹਾਇਤਾ ਦਿੱਤੀ। ਉਹਨਾਂ ਦੀਆਂ ਸੇਵਾਵਾਂ ਦੇ ਇਨਾਮ ਵਜੋਂ, ਬਰਤਾਨਵੀ ਸਰਕਾਰ ਨੇ ਪਟਿਆਲਾ ਸਟੇਟ ਦੇ ਕੁੱਝ ਇਲਾਕਿਆਂ ਦੀ ਉਹਨਾਂ ਨੂੰ ਬਖਸ਼ਿਸ਼ ਦਿੱਤੀ, ਪਹਿਲਾਂ ਤਾਂ ਪ੍ਰਸ਼ਾਸਨਿਕ ਮੰਤਵਾਂ ਲਈ ਅਤੇ ਬਾਅਦ ਵਿੱਚ ਸਦਾ ਵਾਸਤੇ। ਕਿਉਂਕਿ ਇਹਨਾਂ ਇਲਾਕਿਆਂ ਤੇ ਸਟੇਟ ਦੇ ਸਹੀ ਅਧਿਕਾਰਾਂ ਪ੍ਰਤੀ ਭੰਬਲ-ਭੂਸਾ ਸੀ, ਜੋ ਇਲਾਕੇ ਬਰਤਾਨਵੀ ਸਰਕਾਰ ਵੱਲੋਂ ਸਟੇਟ ਨੂੰ ਸੌਂਪੇ ਗਏ ਸਨ, ਅਤੇ ਇਹ ਵੀ ਜ਼ਰੂਰੀ ਸਮਝਿਆ ਗਿਆ ਸੀ ਕਿ ਸਟੇਟ ਦੇ ਮੁੱਢਲੇ ਖੇਤਰ ਉੱਪਰ ਰਾਜੇ ਦੇ ਅਧਿਕਾਰ ਦੇ ਦਾਇਰੇ ਦੀ ਵਿਆਖਿਆ ਕੀਤੀ ਜਾਵੇ, 5

ਮਈ 1860 ਨੂੰ ਇਹਨਾਂ ਮਸਲਿਆਂ ਨੂੰ ਸਪਸ਼ਟ ਕਰਨ ਲਈ ਭਾਰਤ ਦੇ ਵਾਇਸਰਾਇ ਅਤੇ ਗਵਰਨਰ-ਜਨਰਲ ਵੱਲੋਂ ਪਟਿਆਲਾ ਦੇ ਮਹਾਰਾਜਾ ਨੂੰ ਇੱਕ ਸਨਦ ਦਿੱਤੀ ਗਈ। ਇਸ ਸਨਦ ਦੇ ਸਾਰਥਿਕ ਸ਼ਬਦ ਇਸ ਤਰ੍ਹਾਂ ਹਨ:

"ਮਹਾਰਾਜਾ ਸਾਹਿਬ ਬਹਾਦੁਰ ਅਤੇ ਉਸਦੇ ਵਾਰਿਸ, ਵਰਤਮਾਨ ਸਮੇਂ ਵਿੱਚ ਅਤੇ ਭਵਿੱਖ ਵਿੱਚ, ਮਨ ਦੀ ਸ਼ਾਂਤੀ ਅਤੇ ਸੰਪੂਰਣ ਸੁਰੱਖਿਆ ਨਾਲ, ਪ੍ਰਾਚੀਨ ਰੀਤੀ-ਰਿਵਾਜ ਅਨੁਸਾਰ, ਆਪਣੀ ਜੱਦੀ ਮਲਕੀਅਤ ਤੇ ਅਤੇ ਬਰਤਾਨਵੀ ਸਰਕਾਰ ਵੱਲੋਂ ਉਸ ਨੂੰ ਸੌਂਪੇ ਗਏ ਇਲਾਕੇ ਤੇ ਸੰਪੂਰਣ ਸੱਤਾ ਦੀ ਵਰਤੋਂ ਕਰਨਗੇ, ਅਤੇ ਬਰਤਾਨਵੀ ਸਰਕਾਰ ਵੱਲੋਂ ਉਸਨੂੰ ਬਖਸ਼ਿਆ ਹੋਇਆ ਇਲਾਕਾ ਉਸ ਵਲੋਂ ਕੀਤੀਆਂ ਗਈਆਂ ਚੰਗੀਆਂ ਸੇਵਾਵਾਂ ਦੀ ਮਾਨਤਾ ਵਜੋਂ ਉਸਦਾ ਜੱਦੀ ਇਲਾਕਾ ਸਮਝਿਆ ਜਾਵੇਗਾ ਜਿਸ ਵਿੱਚ ਉਸ ਕੋਲ ਅੰਦਰੂਨੀ ਅਤੇ ਬਾਹਰੀ ਸਾਰੀਆਂ ਸ਼ਕਤੀਆਂ ਅਤੇ ਅਧਿਕਾਰ ਹੋਣਗੇ...।"

"... ਇਸਤੋਂ ਬਾਅਦ ਸਾਰੀਆਂ ਸ਼ਕਤੀਆਂ — ਵੱਡੇ ਅਤੇ ਛੋਟੇ ਪ੍ਰਸ਼ਾਸਨਿਕ ਅਤੇ ਅਪਰਾਧਿਕ, ਅਤੇ ਮਾਲੀਏ ਵਗੈਰਾ ਦੀ ਉਪਜ ਦੇ ਸਬੰਧ ਵਿੱਚ, ਪੱਕੇ ਤੌਰ ਤੇ ਮਹਾਰਾਜਾ ਸਾਹਿਬ ਬਹਾਦੁਰ ਅਤੇ ਉਸਦੇ ਵਾਰਿਸਾਂ ਕਲ, ਪੀੜ੍ਹੀ ਦਰ ਪੀੜ੍ਹੀ ਅਤੇ ਆਉਣ ਵਾਲੇ ਸਾਰੇ ਵਾਰਿਸਾਂ ਤੱਕ, ਵਰਤਮਾਨ ਅਤੇ ਭਵਿੱਖ ਵਿੱਚ ਸਦਾ ਵਾਸਤੇ ਅਤੇ ਲਗਾਤਾਰ ਰਹਿਣਗੀਆਂ...।"

(9) ਸਨਦ ਵੱਲੋਂ ਇਹ ਵੀ ਵਿਵਸਥਾ ਕੀਤੀ ਗਈ ਹੈ ਕਿ

"ਅੰਦਰੂਨੀ ਪ੍ਰਬੰਧ ਦੇ ਸਬੰਧ ਵਿੱਚ ਅਤੇ ਭਰਾਵਾਂ, ਘਰੇਲੂ ਅਤੇ ਰਿਸ਼ਤੇਦਾਰਾਂ, ਸ਼ਾਸਕਾਂ ਦੇ ਸਬੰਧ ਵਿੱਚ, ਮਹਾਰਾਜ ਸਾਹਿਬ ਮਹਿੰਦਰ ਬਹਾਦੁਰ ਵੱਲੋਂ ਕੀਤੇ ਗਏ ਪ੍ਰਬੰਧਾਂ ਦਾ ਹਮੇਸ਼ਾ ਸਤਿਕਾਰ ਕੀਤਾ ਜਾਵੇਗਾ ਅਤੇ ਸ਼ਕਤੀਸ਼ਾਲੀ ਬਰਤਾਨਵੀ ਸਰਕਾਰ ਵੱਲੋਂ ਇਸ ਵਿੱਚ ਕੋਈ ਦਖਲ ਨਹੀਂ ਦਿੱਤਾ ਜਾਵੇਗਾ।" (ਭਾਰਤੀ ਸਟੇਟਾਂ ਵੱਲੋਂ ਡੀ.ਕੇ.ਸੇਨ, ਪੰਨਾ 60)

(10) ਪਟਿਆਲਾ ਸਟੇਟ ਦੀ ਸਥਿਤੀ ਦਾ ਇਹ ਸੰਖੇਪ ਇਤਿਹਾਸਿਕ ਸਰਵੇਖਣ ਹੈ। ਬਰਤਾਨਵੀ ਭਾਰਤੀ ਸਰਕਾਰ ਦੀ ਸੁਰੱਖਿਆ ਚਾਹਣ ਅਤੇ ਪ੍ਰਾਪਤ ਕਰਨ ਤੋਂ ਪਹਿਲਾਂ, ਇਹ ਇੱਕ ਸੰਪੂਰਣ ਸੱਤਾਧਾਰੀ ਸੁਤੰਤਰ ਸਟੇਟ ਸੀ ਅਤੇ ਕਿਸੇ ਹੋਰ ਸਟੇਟ ਦੇ ਅਧੀਨ ਨਹੀਂ ਸੀ, ਨਾ ਹੀ ਦਿੱਲੀ ਦੇ ਮੁਗ਼ਲ ਸ਼ਹਿਨਸ਼ਾਹ ਦੀ ਅਤੇ ਨਾ ਹੀ ਲਾਹੌਰ ਦੇ ਮਹਾਰਾਜਾ ਦੀ। ਜਿੱਥੋਂ ਤੱਕ ਅੰਦਰੂਨੀ ਪ੍ਰਭੂਸੱਤਾ ਦਾ ਸਬੰਧ ਸੀ, ਇਸ ਤੱਥ ਨਾਲ ਕੋਈ ਫਰਕ ਨਹੀਂ ਪਿਆ ਸੀ ਕਿ ਇਹ ਬਰਤਾਨਵੀ ਭਾਰਤੀ ਸਰਕਾਰ ਦੀ ਸੁਰੱਖਿਆ ਛਤਰੀ ਹੇਠ ਆ ਗਈ ਸੀ, ਕਿਉਂਕਿ ਜੋ ਸੁਰੱਖਿਆ ਦੇਣ ਵਾਸਤੇ ਬਰਤਾਨਵੀ ਸਰਕਾਰ ਸਹਿਮਤ ਹੋਈ ਸੀ ਉਹ ਬਾਹਰੀ ਹਮਲੇ ਵਿਰੁੱਧ ਸੀ ਅਤੇ ਇਸ ਨਾਲ ਸਟੇਟ ਦੀ ਅੰਦਰੂਨੀ ਪ੍ਰਭੂਸੱਤਾ ਵਿੱਚ ਕੋਈ ਵਿਘਨ ਨਹੀਂ ਪਿਆ ਸੀ। ਇਸ ਤੋਂ ਇਲਾਵਾ ਜੇ ਕਿਸੇ ਸ਼ੱਕ ਦੀ ਗੁੰਜਾਇਸ਼ ਸੀ ਤਾਂ ਉੱਪਰ ਦੱਸੀ 1860 ਦੀ ਸਨਦ ਨੇ ਸ਼ੱਕ ਦੂਰ ਕਰ ਦਿੱਤਾ ਸੀ।

ਸੇਨ ਨੇ ਆਪਣੀ ਲਿਖਤ "ਭਾਰਤੀ ਸਟੇਟਾਂ" ਵਿੱਚ, ਭਾਰਤੀ ਸਟੇਟਾਂ ਨੂੰ ਇਤਿਹਾਸਿਕ ਨਜਰੀਏ ਤੋਂ ਹੇਠ ਲਿਖੇ ਵਰਗਾਂ ਵਿੱਚ ਰੱਖਿਆ ਹੈ:

ੳ) ਉਹ ਸਟੇਟਾਂ ਜੋ ਪ੍ਰਭੂਸੱਤਾ ਰਖਦੀਆਂ ਸਨ ਅਤੇ ਸੁਤੰਤਰ ਸਨ, ਕਾਨੂੰਨੀ ਤੌਰ ਤੇ ਅਤੇ ਅਮਲੀ ਤੌਰ ਤੇ।

ਅ) ਉਹ ਸਟੇਟਾਂ ਜੋ ਕਾਨੂੰਨੀ ਤੌਰ ਤੇ ਸੁਤੰਤਰ ਨਹੀਂ ਸਨ, ਪਰ ਅਮਲੀ ਤੌਰ ਤੇ ਸੰਪੂਰਣ ਸੱਤਾਵਾਨ ਸਨ।

ੲ) ਉਹ ਸਟੇਟਾਂ ਜਿਨ੍ਹਾਂ ਨੇ ਕੁੱਝ ਸਮੇਂ ਲਈ ਆਪਣੀ ਸੁਤੰਤਰਾ ਅਤੇ ਵੱਖਰੀ ਹੋਂਦ ਗਵਾ ਲਈ ਸੀ, ਪਰ ਉਹਨਾਂ ਨੂੰ ਬਰਤਾਨਵੀ ਸਰਕਾਰ ਵੱਲੋਂ ਕੁੱਝ ਰੋਕਾਂ ਅਤੇ ਸੋਧਾਂ ਲਾ ਕੇ ਉਹਨਾਂ ਦਾ ਪਹਿਲਾਂ ਵਾਲਾ ਦਰਜਾ ਅਤੇ ਅਧਿਕਾਰ ਬਹਾਲ ਕਰ ਦਿੱਤੇ ਗਏ ਸਨ।

ਸ) ਉਹ ਸਟੇਟਾਂ ਜਿਨ੍ਹਾਂ ਦੀ ਵੱਖਰੀ ਅਤੇ ਆਜ਼ਾਦ ਹੋਂਦ ਬਰਤਾਨਵੀ ਸਰਕਾਰ ਕਰਕੇ ਸੀ।

ਹ) ਉਹ ਸਟੇਟਾਂ ਜਿਹੜੀਆਂ ਦੂਜੀਆਂ ਸਟੇਟਾਂ ਨੂੰ ਭੇਟਾ ਦਿੰਦੀਆਂ ਸਨ।

ਉਸਨੇ ਪੰਜਾਬ ਦੀਆਂ ਫੂਲਕੀਆਂ ਸਟੇਟਾਂ ਨੂੰ ਪਹਿਲੇ ਵਰਗ ਵਿੱਚ ਰੱਖਿਆ ਸੀ। ਮੈਨੂੰ ਇਹ ਵਿਚਾਰ ਸਹੀ ਲਗਦਾ ਹੈ।

(11) ਹਿਬਰਟ ਨੇ ਆਪਣੀ ਲਿਖਤ 'ਨਿਆਂ ਸਿਧਾਂਤ' ਵਿੱਚ ਇਹ ਵਿਚਾਰ ਰੱਖਿਆ ਹੈ ਕਿ ਪ੍ਰਭੂਸੱਤਾ ਇੱਕ ਮਨੁੱਖੀ ਸੰਸਥਾ ਹੈ ਅਤੇ ਇਤਿਹਾਸਿਕ ਵਿਕਾਸ ਦਾ ਸਿੱਟਾ ਹੈ, ਇਸ ਲਈ ਇਸਦੀ ਕੋਈ ਸਹੀ ਪਰਿਭਾਸ਼ਾ ਨਹੀਂ ਦਿੱਤੀ ਜਾ ਸਕਦੀ। ਇਹ ਮਨੁੱਖ ਜਾਤੀ ਦੀਆਂ ਆਦਤਾਂ ਵਿੱਚੋਂ ਪੈਦਾ ਹੁੰਦੀ ਹੈ, ਅਤੇ ਇਸ ਲਈ ਇਸਦੀ ਪਰਿਭਾਸ਼ਾ ਕੇਵਲ ਅਜਿਹੀਆਂ ਆਦਤਾਂ ਦੇ ਹਵਾਲੇ ਵਿੱਚ ਹੀ ਦਿੱਤੀ ਜਾ ਸਕਦੀ ਹੈ। ਕਿਤਾਬ ਦੇ ਪੰਨਾ ਨੰ: 58 ਤੇ, ਹਿਬਰਟ ਪ੍ਰਭੂਸੱਤਾ ਮੰਨਣ ਵਾਲੇ ਦੀ ਹੇਠ ਲਿਖੀ ਪਰਿਭਾਸ਼ਾ ਦਿੰਦਾ ਹੈ:

"ਪ੍ਰਭੂਸੱਤਾ ਸੰਪੰਨ ਵਿਅਕਤੀ (sovereign) ਸ਼ਬਦ ਦਾ ਅਰਥ ਇੱਕ ਅਜਿਹਾ ਰਾਜਸੀ ਉੱਚ-ਵਿਅਕਤੀ ਹੈ, ਜੋ ਕਿ ਕਿਸੇ ਹੋਰ ਰਾਜਸੀ ਉੱਚ-ਵਿਅਕਤੀ ਦੇ ਅਧੀਨ ਨਹੀਂ ਹੈ।" ਪੰਨਾ ਨੰ: 62 ਤੇ ਉਹ ਆਸਟਿਨ ਵੱਲੋਂ ਪ੍ਰਭੂਸੱਤਾ ਦੇ ਵੱਖ-ਵੱਖ ਵਰਗੀਕਰਣਾਂ ਦਾ ਹਵਾਲਾ ਦਿੰਦਾ ਹੈ ਜਿਵੇਂ ਕਿ ਰਾਜਤੰਤਰ, ਗੁੱਟ ਤੰਤਰ, ਕੁਲੀਨਤੰਤਰ ਅਤੇ ਗਣਤੰਤਰ।

ਪ੍ਰੋਫੈਸਰ ਹਾਲੈਂਡ ਆਪਣੀ ਕਿਤਾਬ "ਨਿਆਂ ਸਿਧਾਂਤ ਦੇ ਤੱਤ" (Elements of Jurisprudence) ਦੇ ਪੰਨਾ ਨੰ: 50 ਤੇ ਹੇਠ ਲਿਖੇ ਵਿਚਾਰ ਪੇਸ਼ ਕਰਦਾ ਹੈ:

"ਸ਼ਾਸਕ ਪਾਰਟੀ ਦੀ ਪ੍ਰਭੂਸੱਤਾ ਦੇ ਦੋ ਪੱਖ ਹਨ। ਪਹਿਲਾ ਬਾਹਰੀ ਪੱਖ ਜੋ ਕਿ ਕਿਸੇ ਵੀ ਬਾਹਰਲੇ ਕਾਬੂ ਜਾਂ ਦਬਾਅ ਤੋਂ ਸੁਤੰਤਰ ਹੁੰਦਾ ਹੈ: ਦੂਜਾ ਅੰਦਰੂਨੀ ਪੱਖ ਜੋ ਕਿ ਅੰਦਰਲੀ ਹਰ ਕਿਸਮ ਦੀ ਕਾਰਵਾਈ ਤੇ ਭਾਰੂ ਜਾਂ ਮੁੱਖ ਹੁੰਦਾ ਹੈ।"

(12) ਨਿਆਇਕ ਮਾਹਿਰ ਹੁਣ ਇਸ ਗੱਲ ਤੇ ਸਹਿਮਤ ਹਨ ਕਿ ਕੋਈ ਸਟੇਟ ਵਿਦੇਸ਼ੀ ਮਸਲਿਆਂ ਦੇ ਸਬੰਧ ਵਿੱਚ ਕੁੱਝ ਅਧਿਕਾਰ ਕਿਸੇ ਹੋਰ ਸਟੇਟ ਨੂੰ ਦੇਣ ਨਾਲ ਪ੍ਰਭੂਸੱਤਾ ਸੰਪੰਨ ਹੋਣਾ ਖਤਮ ਨਹੀਂ ਕਰਦੀ, ਜੇ ਅੰਦਰੂਨੀ ਮਸਲਿਆਂ ਦੇ ਸੰਬੰਧ ਵਿੱਚ ਇਸ ਦੀ ਸ਼ਕਤੀ ਬੇਰੋਕ ਹੋਵੇ। ਹਾਉਸ ਆਫ ਲਾਰਡਜ਼ ਵੱਲੋਂ 'ਡਫ਼ ਡਿਵੈਲਪਮੈਂਟ ਕੰਪਨੀ ਲਿਮਿਟਿਡ ਬਨਾਮ ਕੈਲੇਂਟਨ ਸਰਕਾਰ', 1927 ਏ.ਸੀ. 797 ਵਿੱਚ ਇਸ ਸਿਧਾਂਤ ਨੂੰ ਮਾਨਤਾ ਦਿੱਤੀ ਸੀ। ਉਸ ਕੇਸ ਦੇ ਤੱਥ ਇਸ ਤਰ੍ਹਾਂ ਸਨ ਕਿ ਕੈਲੇਂਟਨ ਸਰਕਾਰ ਨੇ ਅਪੀਲ-ਕਰਤਾ ਕੰਪਨੀ ਨੂੰ ਉਸ ਸਟੇਟ ਵਿੱਚ ਕੁੱਝ ਖਾਨਾਂ ਪੁਟਣ ਸਬੰਧੀ ਅਤੇ ਕੁੱਝ ਹੋਰ ਅਧਿਕਾਰ ਵਰਤਣ ਦੀ ਆਗਿਆ ਦਿੱਤੀ ਸੀ, ਅਤੇ ਦਸਤਾਵੇਜ਼ ਵਿੱਚ ਇੱਕ ਸਾਲਸੀ ਦੀ ਧਾਰਾ ਸ਼ਾਮਿਲ ਸੀ, ਜੋ ਕਿ ਉਸ ਵੇਲੇ ਤੱਕ ਲਾਗੂ ਹੋਣ ਵਾਲੇ ਸਾਲਸੀ ਐਕਟ 1839 (ਇੰਗਲੈਂਡ ਦੇ) ਵਿੱਚ ਦਰਜ ਸੀ। ਇਸ ਦਸਤਾਵੇਜ ਜਾਂ ਇਕਰਾਰਨਾਮੇ ਦੇ ਮੁਤਾਬਿਕ ਝਗੜੇ ਪੈਦਾ ਹੋ ਗਏ, ਉਹਨਾਂ ਝਗੜਿਆਂ ਨੂੰ ਇੱਕ ਸਾਲਸ ਦੇ ਹਵਾਲੇ ਕੀਤਾ ਗਿਆ, ਜਿਸਨੇ ਕਿ ਕੰਪਨੀ ਦੇ ਹੱਕ ਵਿੱਚ ਫੈਸਲਾ ਕਰ ਦਿੱਤਾ ਅਤੇ ਸਰਕਾਰ ਨੂੰ ਸਾਲਸੀ ਦਾ ਖਰਚਾ ਅਦਾ ਕਰਨ ਦੀ ਹਿਦਾਇਤ ਕੀਤੀ। ਸਰਕਾਰ ਨੇ ਸਾਲਸੀ ਐਕਟ ਦੀ ਧਾਰਾ 11 ਅਧੀਨ ਚਾਂਸਰੀ ਡਵੀਜਨ ਅੱਗੇ ਬੇਨਤੀ ਕੀਤੀ ਕਿ ਇਸ ਫੈਸਲੇ ਨੂੰ ਰੱਦ ਕੀਤਾ ਜਾਵੇ ਪਰ ਇਹ ਅਰਜ਼ੀ ਨਾਂ ਮਨਜੂਰ ਕਰ ਦਿੱਤੀ ਗਈ। ਬਾਅਦ ਵਿੱਚ ਕੰਪਨੀ ਨੇ ਐਕਟ ਦੀ ਧਾਰਾ 12 ਅਧੀਨ ਕਿੰਗਜ਼ ਬੈਂਚ ਡਵੀਜ਼ਨ ਤੋਂ ਇੱਕ ਹੁਕਮ ਜਾਰੀ ਕਰਵਾ ਲਿਆ ਜਿਸ ਨਾਲ ਉਸ ਫੈਸਲੇ ਨੂੰ ਲਾਗੂ ਕਰਵਾਉਣ ਦੀ ਆਗਿਆ ਦਿੱਤੀ ਗਈ, ਪਰ ਸਰਕਾਰ ਵੱਲੋਂ ਇਸ ਆਧਾਰ ਤੇ ਦਿੱਤੀ ਅਰਜ਼ੀ 'ਤੇ ਕਿ ਕੈਲੇਂਟਨ ਇੱਕ ਪ੍ਰਭੂਸੱਤਾ ਸੰਪੰਨ ਸਟੇਟ ਸੀ, ਇਸ ਹੁਕਮ ਨੂੰ ਰੱਦ ਕਰ ਦਿੱਤਾ ਗਿਆ। ਇਹ ਸਾਬਿਤ ਕਰ ਦਿੱਤਾ ਗਿਆ ਕਿ ਕੈਲੇਂਟਨ ਦੇ ਸੁਲਤਾਨ ਨੇ ਇੰਗਲੈਂਡ ਦੀ ਸਰਕਾਰ ਨਾਲ ਇੱਕ ਇਕਰਾਰਨਾਮਾ ਕੀਤਾ ਸੀ ਜਿਸ ਮੁਤਾਬਿਕ ਉਹ ਇਸ ਗੱਲ ਤੇ ਸਹਿਮਤ ਹੋ ਗਿਆ ਸੀ ਕਿ ਇੰਗਲੈਂਡ ਦੇ ਰਾਜੇ ਦੀ ਸਾਲਸੀ ਤੋਂ ਬਿਨਾਂ ਉਹ ਕਿਸੇ ਵਿਦੇਸ਼ੀ ਤਾਕਤ ਨਾਲ ਕੋਈ ਰਾਜਨੀਤਕ ਸਬੰਧ ਨਹੀਂ ਬਣਾਏਗਾ, ਅਤੇ ਇਸ ਤੋਂ ਇਲਾਵਾ ਪ੍ਰਸ਼ਾਸਨ ਦੇ ਸਾਰੇ ਮਸਲਿਆਂ ਵਿੱਚ (ਮੁਹੰਮਦਨ ਧਰਮ ਅਤੇ ਮਲਾਈ ਰੀਤੀ-ਰਿਵਾਜ ਨਾਲ ਸਬੰਧਤ ਮਸਲਿਆਂ ਤੋਂ ਸਿਵਾਏ), ਉਹ ਰਾਜੇ ਵੱਲੋਂ ਨਿਯੁਕਤ ਕੀਤੇ ਗਏ ਸਲਾਹਕਾਰ ਦੀ ਹਿਦਾਇਤ ਅਨੁਸਾਰ ਚੱਲੇਗਾ। ਇਹ ਦਲੀਲ ਦਿੱਤੀ ਗਈ ਕਿ ਕੈਲੇਂਟਨ ਅਤੇ ਇਸਦੇ ਸ਼ਾਸਕਾਂ ਦੀ ਪ੍ਰਭੂਸੱਤਾ ਇਸ ਇਕਰਾਰਨਾਮੇ ਦੀਆਂ ਸ਼ਰਤਾਂ ਨਾਲ ਸੀਮਿਤ ਨਹੀਂ ਹੁੰਦੀ ਸੀ।

ਇਸ ਨੁਕਤੇ ਤੇ ਲਾਰਡ ਵੱਲੋਂ ਹੇਠ ਲਿਖੇ ਵਿਚਾਰ ਪੇਸ਼ ਕੀਤੇ ਗਏ:

"ਇਸ ਉੱਤਰ ਵਿੱਚ ਸ਼ਾਮਿਲ ਕੀਤੇ ਗਏ ਦਸਤਾਵੇਜ਼ ਇਹ ਦਰਸਾਉਂਦੇ ਹਨ ਕਿ ਕੈਲੇਂਟਨ ਨੂੰ ਪਹਿਲਾਂ ਸਿਆਮ ਦੇ ਅਧੀਨ ਰਾਜ ਦੇ ਤੌਰ ਤੇ ਮਾਨਤਾ ਦਿੱਤੀ ਗਈ ਸੀ; ਕਿ ਸਿਆਮੀ ਸਰਕਾਰ ਨੇ ਬੈਕਾਂਕ ਦੇ ਸੰਧੀਨਾਮੇ ਰਾਹੀਂ ਕੈਲੇਂਟਨ ਤੇ ਇਸਦੇ ਸਾਰੇ ਅਧਿਕਾਰ ਬਰਤਾਨਵੀ ਸਰਕਾਰ ਵੱਲ ਤਬਦੀਲ ਕਰ ਦਿੱਤੇ ਸਨ; ਅਤੇ 22 ਅਕਤੂਬਰ 1910 ਦੇ ਇਕਰਾਰਨਾਮੇ ਨਾਲ, ਜਿਸਦਾ ਹਵਾਲਾ ਸਟੇਟ ਦੇ ਸੈਕਟਰੀ ਦੇ ਪੱਤਰ ਵਿੱਚ ਦਿੱਤਾ ਗਿਆ ਸੀ, ਕੈਲੇਂਟਨ ਦੇ ਰਾਜੇ (ਬਾਅਦ ਵਿੱਚ ਜਿਸਨੂੰ ਸੁਲਤਾਨ ਦਾ ਖ਼ਿਤਾਬ ਦੇ ਦਿੱਤਾ ਗਿਆ ਸੀ) ਨੇ ਇਹ ਇਕਰਾਰ ਕੀਤਾ ਸੀ ਕਿ ਉਹ ਇੰਗਲੈਂਡ ਦੇ ਰਾਜਾ ਸਾਹਿਬ ਦੇ ਮਾਧਿਅਮ ਤੋਂ ਬਿਨਾਂ ਕਿਸੇ ਵੀ ਵਿਦੇਸ਼ੀ ਸ਼ਕਤੀ ਨਾਲ ਕੋਈ ਰਾਜਨੀਤਕ ਸਬੰਧ ਨਹੀਂ ਰੱਖੇਗਾ ਅਤੇ ਪ੍ਰਸ਼ਾਸਨ ਦੇ ਸਾਰੇ ਮਸਲਿਆਂ ਵਿੱਚ (ਸਿਵਾਏ ਮੁਸਲਿਮ ਧਰਮ ਅਤੇ ਮਲਾਇਆ ਦੇ ਰੀਤੀ-ਰਿਵਾਜਾਂ ਨਾਲ ਸਬੰਧਿਤ ਮਸਲਿਆਂ ਤੋਂ) ਬਾਦਸ਼ਾਹ ਸਲਾਮਤ ਵੱਲੋਂ ਨਿਯੁਕਤ ਕੀਤੇ ਸਲਾਹਕਾਰ ਦੀ ਸਲਾਹ ਅਨੁਸਾਰ ਚੱਲੇਗਾ। ਅਪੀਲ ਕਰਤਾਵਾਂ ਦੀ ਤਰਫੋਂ, ਇਹਨਾਂ ਦਸਤਾਵੇਜ਼ਾਂ ਬਾਰੇ ਇਹ ਦਲੀਲ ਦਿੱਤੀ ਗਈ ਕਿ ਭਾਵੇਂ ਸਟੇਟ ਦੇ ਸੈਕਟਰੀ ਨੇ 9 ਅਕਤੂਬਰ 1922 ਦੀ ਚਿੱਠੀ ਵਿੱਚ ਇਹ ਗੱਲ ਦੱਸ ਦਿੱਤੀ ਸੀ; ਕਿ ਸਮੁੱਚੇ ਤੌਰ ਤੇ ਸਾਰੀ ਸੂਚਨਾ ਨੂੰ ਦੇਖ ਕੇ, ਸਹੀ ਨਤੀਜਾ ਇਹ ਸੀ ਕਿ ਕੈਲੇਂਟਨ ਇੱਕ ਸੁਤੰਤਰ ਰਾਜ ਨਹੀਂ ਸੀ ਬਲਕਿ ਇੱਕ ਅਧੀਨ ਰਾਜ ਸੀ, ਅਤੇ ਇਸ ਮੁਤਾਬਿਕ ਸੁਲਤਾਨ ਅੰਗਰੇਜ਼ੀ ਕਚਹਿਰੀਆਂ ਦੀ ਪ੍ਰਕਿਰਿਆ ਤੋਂ ਬੇਅਸਰ ਨਹੀਂ ਸੀ।

ਜਨਾਬ, ਮੇਰੇ ਵਿਚਾਰ ਅਨੁਸਾਰ, ਇਹ ਦਲੀਲ ਲਾਗੂ ਨਹੀਂ ਹੋ ਸਕਦੀ। ਵੈਤਲ (Droitdes Gens, Ed. Pradier — Fodere, 1863, Vol. I, Ch. I) ਇੱਕ ਪ੍ਰਭੂਸੱਤਾ ਸੰਪੰਨ ਸਟੇਟ ਦੀ ਪਰਿਭਾਸ਼ਾ ਇੱਕ ਅਜਿਹੇ ਰਾਸ਼ਟਰ ਦੇ ਤੌਰ ਤੇ ਦਿੰਦਾ ਹੈ ਜ ਕਿ ਆਪਣੇ ਅਧਿਕਾਰ ਅਤੇ ਕਾਨੂੰਨਾਂ ਨਾਲ ਬਿਨਾਂ ਕਿਸੇ ਵਿਦੇਸ਼ੀ ਸ਼ਕਤੀ ਤੇ ਨਿਰਭਰਤਾ ਤੋਂ ਆਪਣੇ ਆਪ ਤੇ ਰਾਜ ਕਰਦਾ ਹੈ (ਐਸ. 4), ਪਰ ਉਹ ਇਹ ਵੀ ਲਿਖਦਾ ਹੈ ਕਿ (ਐਸ. 5) ਸਟੇਟ ਪ੍ਰਭੂਸੱਤਾ ਸੰਪੰਨ ਸਟੇਟ ਹੁੰਦੇ ਹੋਏ

ਵੀ ਕਿਸੇ ਨਾਂ ਬਰਾਬਰਤਾ ਵਾਲੇ ਗੱਠਜੋੜ ਰਾਹੀਂ ਕਿਸੇ ਵੱਧ ਸਕਤੀਸ਼ਾਲੀ ਸਟੇਟ ਨਾਲ ਬੱਝੀ ਹੋ ਸਕਦੀ ਹੈ:.... ਇਸ ਤੋਂ ਬਾਅਦ ਵੈਤਲ ਦੀ ਲਿਖਿਤ ਵਿੱਚੋਂ ਇੱਕ ਹਵਾਲਾ ਆਉਂਦਾ ਹੈ)।"

(13) ਇਸ ਸਿਧਾਂਤ ਨੂੰ ਲਾਗੂ ਕਰਦੇ ਹੋਏ, ਮੇਰਾ ਇਹ ਵਿਚਾਰ ਹੈ ਕਿ ਜਿੱਥੋਂ ਤੱਕ ਅੰਦਰੂਨੀ ਪ੍ਰਸ਼ਾਸਨ ਦਾ ਸਬੰਧ ਹੈ, ਪਟਿਆਲਾ ਬਰਤਾਨਵੀ ਭਾਰਤੀ ਸਰਕਾਰ ਦੀ ਸੁਰੱਖਿਆ ਹੇਠਾਂ ਆਉਣ ਤੋਂ ਬਾਅਦ ਵੀ ਇੱਕ ਸੰਪੂਰਨ ਸੱਤਾ ਮਾਨਣ ਵਾਲੀ ਸਟੇਟ ਸੀ।

(14) ਹੁਣ ਜਿਸ ਸੁਆਲ ਦਾ ਹੱਲ ਲੱਭਣਾ ਹੈ ਉਹ ਇਹ ਹੈ ਕਿ ਅਜਿਹੀ ਸਟੇਟ ਦੇ ਸ਼ਾਸਕ ਵੱਲੋਂ ਜਾਰੀ ਕੀਤੇ ਹੁਕਮ ਦੇ ਕਾਨੂੰਨ ਦੀ ਕਚਹਿਰੀ ਵਿੱਚ ਕਿੰਤੂ ਕੀਤਾ ਜਾ ਸਕਦਾ ਸੀ। ਦੋਵੇਂ ਧਿਰਾਂ ਇਸ ਗੱਲ ਨਾਲ ਸਹਿਮਤ ਹਨ ਕਿ ਸ਼ਾਸਕ ਸਟੇਟ ਦਾ ਵਿਵਾਦ-ਰਹਿਤ ਮੁੱਖੀ ਸੀ ਅਤੇ ਉਸਦੀ ਸ਼ਕਤੀ ਅਤੇ ਅਧਿਕਾਰ ਨਿਰੰਕੁਸ਼ ਸੀ। ਉਹ ਕਾਨੂੰਨ ਬਣਾ ਸਕਦਾ ਸੀ ਅਤੇ ਉਹਨਾਂ ਨੂੰ ਲਾਗੂ ਕਰ ਸਕਦਾ ਸੀ। ਉਹ ਇਨਸਾਫ਼ ਦਾ ਸਰੋਤ ਸੀ, ਉਸਦੇ ਸ਼ਬਦ ਕਾਨੂੰਨ ਸਨ, ਅਤੇ ਫਰਾਂਸ ਦੇ ਪ੍ਰਸਿੱਧ ਸ਼ਹਿਨਸ਼ਾਹ ਨੇ ਇੱਕ ਵਾਰ ਜੋ ਕਿਹਾ ਸੀ ਉਸਨੂੰ ਜੇ ਮੈਂ ਦੁਹਰਾਵਾਂ ਤਾਂ ਉਹ ਹੀ ਸਟੇਟ ਸੀ। ਵਰਤਮਾਨ ਸਟੇਟਾਂ ਵਿੱਚ ਜਿਨ੍ਹਾਂ ਦੇ ਲਿਖਤੀ ਜਾਂ ਅਣਲਿਖਤੀ ਸੰਵਿਧਾਨ ਹਨ, ਉਹਨਾ ਦੀਆਂ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ (Legislatures) ਹਨ, ਜਿਨ੍ਹਾਂ ਦਾ ਕੰਮ ਕਾਨੂੰਨ ਬਣਾਉਣਾ ਹੈ, ਅਤੇ ਅਜਿਹੇ ਕਾਨੂੰਨ ਵਿਅਕਤੀਆਂ ਦੇ ਵੱਖ-ਵੱਖ ਵਰਗਾਂ ਜਾਂ ਸੰਸਥਾਵਾਂ ਨੂੰ ਸਕਤੀਆਂ ਦਿੰਦੇ ਹਨ, ਨਿਯਮ ਬਣਾਉਣ ਦਾ ਅਧਿਕਾਰ ਅਤੇ ਹੁਕਮ ਜਾਰੀ ਕਰਨ ਦਾ ਅਧਿਕਾਰ ਦਿੰਦੇ ਹਨ। ਜਦੋਂ ਇਹ ਸਵਾਲ ਉਠਦਾ ਹੈ ਕਿ ਕੋਈ ਵਿਸ਼ੇਸ਼ ਕਾਨੂੰਨ ਜਾਂ ਨਿਯਮ ਜਾਂ ਹੁਕਮ ਜਾਰੀ ਕੀਤਾ ਜਾਂਦਾ ਹੈ ਅਤੇ ਬਹਿਸ ਅਧੀਨ (intra vires) ਬਣ ਜਾਂਦਾ ਹੈ, ਤਾਂ ਕਚਹਿਰੀਆਂ ਨੂੰ ਸੰਵਿਧਾਨ ਦੀਆਂ ਸੰਬਧਿਤ ਵਿਵਸਥਾਵਾਂ ਜਾਂ ਮੱਦਾਂ ਦੀ ਜਾਂਚ ਕਰਨੀ ਚਾਹੀਦੀ ਹੈ ਜਾਂ ਕਿਸੇ ਨਿਯਮ ਜਾਂ ਹੁਕਮ ਦੇ ਸਬੰਧ ਵਿੱਚ ਕਾਨੂੰਨ ਦੀਆਂ ਸਾਰਥਿਕ ਮੱਦਾ ਨੂੰ ਜਾਂਚਣਾ ਚਾਹੀਦਾ ਹੈ ਤਾਂਕਿ ਇਹ ਪਤਾ ਲਾਇਆ ਜਾ ਸਕੇ ਕਿ ਜਿਸ ਅਧਿਕਾਰੀ ਨੇ ਇਹ ਹਕਮ ਜਾਰੀ ਕੀਤਾ ਹੈ ਕੀ ਉਸ ਕੋਲ ਲੋੜੀਂਦੀ ਸ਼ਕਤੀ ਜਾਂ ਅਧਿਕਾਰ ਹੈ। ਪਰ ਇੱਕ ਪ੍ਰਭੂਸੱਤਾ ਸੰਪੰਨ ਸੁਤੰਤਰ ਸਟੇਟ ਦੇ ਮੁੱਖੀ ਦੇ ਸਬੰਧ ਵਿੱਚ ਅਜਿਹਾ ਕੋਈ ਸੁਆਲ ਨਹੀਂ ਪੈਦਾ ਹੋ ਸਕਦਾ — ਕੇਵਲ ਇਸ ਕਾਰਣ ਕਰਕੇ ਕਿ ਉਸਨੇ ਇਹ ਅਧਿਕਾਰ ਕਿਸੇ ਹੋਰ ਤੋਂ ਪ੍ਰਾਪਤ ਨਹੀਂ ਕੀਤਾ, ਅਤੇ ਜੋ ਕੁੱਝ ਉਸਨੇ ਲਿਖਿਆ ਹੈ ਜਾਂ ਹੁਕਮ ਦਿੱਤਾ ਹੈ, ਉਸਨੂੰ ਕਾਨੂੰਨ ਦੀ ਸ਼ਕਤੀ ਪ੍ਰਾਪਤ ਹੈ ਅਤੇ ਇਸਦੀ ਪਾਲਣਾ ਕਰਨੀ ਪੈਣੀ ਹੈ। ਇਹ ਸ਼ਬਦ ਆਪਣੀ ਕਿਤਾਬ ਦੇ ਪੰਨਾ ਨੰ: 370 ਤੇ ਹਾਲੈਂਡ ਨੇ ਲਿਖੇ ਹਨ, ਜਦੋਂ ਉਹ ਸੰਵਿਧਾਨਕ ਕਾਨੂੰਨ ਦੇ ਕਾਰਜਾਂ ਬਾਰੇ ਦੱਸ ਰਿਹਾ ਸੀ:

"ਸੰਵਿਧਾਨਕ ਕਾਨੂੰਨ ਦਾ ਮੁੱਢਲਾ ਕਾਰਜ ਕਿਸੇ ਸਟੇਟ ਦੇ ਰਾਜਨੀਤਕ ਗੁਰੂਤਾ ਕੇਂਦਰ (centre of gravity) ਦਾ ਪਤਾ ਲਾਉਣਾ ਹੈ। ਇਹ ਇਸ ਗੱਲ ਦਾ ਐਲਾਨ ਕਰਦਾ ਹੈ ਕਿ ਸਮੁੱਚੀ ਸਟੇਟ ਦੇ ਕਿਸ ਹਿੱਸੇ ਵਿੱਚ 'ਅੰਦਰੂਨੀ', 'ਪ੍ਰਭੂਸੱਤਾ', 'ਸਰਵਉੱਚ ਸ਼ਕਤੀ', ਪ੍ਰੋਸਟੈਸਟਾਜ, ਸਟੈਟਸਰਾਵਾਲਟ ਜਾਂ ਜਿਵੇਂ ਕਿ ਅਰਸਤੂ ਨੇ ਕਿਹਾ ਸੀ... ਦੂਸਰੇ ਸ਼ਬਦਾਂ ਵਿੱਚ, ਸਟੇਟ ਦਾ ਪ੍ਰਭੂਸੱਤਾ ਵਾਲਾ ਹਿੱਸਾ ਜੋ ਕਿ ਹੁਣ ਤੱਕ ਨਿਸ਼ਚਿਤ ਹੋਇਆ ਹੈ ਅਤੇ ਉਹ ਸਰਬ ਸ਼ਕਤੀਮਾਨ ਹੈ। ਕਿਉਂਕਿ ਇਹ ਸਾਰੇ ਕਾਨੂੰਨਾਂ ਦਾ ਸਰੋਤ ਹੈ, ਇਸ ਦੀਆਂ ਕਾਰਵਾਈਆਂ ਕਦੇ ਵੀ ਗੈਰ ਕਾਨੂੰਨੀ ਨਹੀਂ ਹੋ ਸਕਦੀਆਂ। ਸਖਤ ਸ਼ਬਦਾਂ ਵਿੱਚ ਇਹ ਗੈਰ ਸੰਵਿਧਾਨਿਕ ਨਹੀਂ ਹੋ ਸਕਦੀਆਂ। ਗੈਰ-ਸੰਵਿਧਾਨਕ ਸ਼ਬਦ ਉਥੇ ਢੁੱਕਦਾ ਹੈ ਜਿੱਥੇ ਇਹ ਕਿਸੇ ਹੇਠਲੇ ਜਾਂ ਅਧੀਨ ਰਾਜਨੀਤਕ ਅਧਿਕਾਰੀ ਦੀ ਕਿਸੇ ਕਾਰਵਾਈ ਨੂੰ ਦੱਸਣ ਵਾਸਤੇ ਵਰਤਿਆ ਜਾਵੇ, ਜੋ ਕਾਰਵਾਈ ਇਸ ਨੂੰ ਸੌਂਪੀਆਂ ਗਈਆਂ ਸ਼ਕਤੀਆਂ ਨੂੰ ਪਾਰ ਕਰ ਜਾਵੇ। ਇਸ ਤਰ੍ਹਾਂ ਯੁਨਾਈਟਿਡ ਸਟੇਟਸ ਦੀ ਕਾਂਗਰਸ ਵੱਲੋਂ ਪਾਸ ਕੀਤਾ ਗਿਆ ਕਾਨੂੰਨ ਗੈਰ-ਸੰਵਿਧਾਨਿਕ ਹੋ ਸਕਦਾ ਹੈ ਕਿਉਂਕਿ ਪਭੂਸੱਤਾ ਸੰਪੰਨ ਲੋਕਾਂ ਨੇ ਰਾਸ਼ਟਰਪਤੀ ਅਤੇ ਕਾਂਗਰਸ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਕੁਝ ਪਾਬੰਧੀਆਂ ਲਾਕੇ ਦਿੱਤਾ ਹੈ। ਅਤੇ ਇਕ ਸਰਬ-ਉੱਚ ਅਦਾਲਤ ਨੂੰ ਇਹ ਫੈਸਲਾ ਕਰਨ ਦਾ ਕਰਤਵ ਸੌਂਪਿਆ ਹੈ ਕਿ ਕੋਈ ਬਣਾਇਆ ਹੋਇਆ ਕਾਨੂੰਨ ਇਸ ਤਰ੍ਹਾਂ ਲਾਈਆਂ ਗਈਆਂ ਪਾਬੰਦੀਆਂ ਦੇ ਅਨੁਸਾਰ ਹੈ ਜਾਂ ਨਹੀਂ ਹੈ; ਪਰ ਇੰਗਲੈਂਡ ਵਿੱਚ ਰਾਜੇ, ਲਾਰਡਾਂ ਅਤੇ ਸੰਸਦ ਦੇ ਚੁਣੇ ਹੋਏ ਮੈਂਬਰਾਂ (Commons) ਦੇ ਅਧਿਕਾਰ ਤੇ ਅਜਿਹੀ ਕੋਈ ਪਾਬੰਦੀ ਨਹੀਂ ਹੈ।"

(15) ਬਰਤਾਨੀਆਂ ਵਿੱਚ, ਸੰਸਦ, ਜੋ ਕਿ ਰਾਜੇ, ਲਾਰਡਜ਼ ਅਤੇ ਕਾਮਨਜ਼ ਦੀ ਮਿਲਕੇ ਬਣਦੀ ਹੈ, ਪ੍ਰਭੂਸੱਤਾ ਦੀ ਅਧਿਕਾਰੀ ਹੈ। ਸੰਵਿਧਾਨ ਦੇ ਕਾਨੂੰਨ ਦੇ ਅਧਿਐਨ ਦੀ ਭੂਮਿਕਾ ਵਿੱਚ ਡਾਈਸੀ ਨੇ ਪੰਨਾ ਨੰ: 41 ਤੇ ਹੇਠ ਲਿਖਿਆ ਪੈਰਾ ਲਿਖਿਆ ਹੈ, ਜੋ ਕਿ ਬਲੈਕ ਸਟੋਨ ਦੀਆਂ ਟਿੱਪਣੀਆਂ ਵਿੱਚੋਂ ਲਿਆ ਗਿਆ ਹੈ:

"ਸਰ ਐਡਵਰਡ ਕੋਕ ਕਹਿੰਦਾ ਹੈ ਕਿ ਸੰਸਦ ਦੀ ਸ਼ਕਤੀ ਅਤੇ ਅਧਿਕਾਰ ਖੇਤਰ ਇੰਨਾਂ ਸਪਸ਼ਟ ਅਤੇ ਨਿਰੋਲ ਜਾਂ ਨਿਰੰਕੁਸ਼ ਹੈ ਕਿ ਇਸ ਨੂੰ ਕਾਰਨਾਂ ਕਰਕੇ ਜਾਂ ਵਿਅਕਤੀਆਂ ਕਰਕੇ ਕਿਸੇ ਵੀ ਹੱਦਾ ਅੰਦਰ ਸੀਮਿਤ ਨਹੀਂ ਕੀਤਾ ਜਾ ਸਕਦਾ...। ਧਾਰਮਿਕ ਜਾਂ ਦੁਨਿਆਵੀ, ਸਿਵਲ ਜਾਂ ਫੌਜੀ, ਤੱਟਵਰਤੀ ਜਾਂ ਅਪਰਾਧਿਕ, ਹਰ ਕਿਸਮ ਦੇ ਵਰਗਾਂ ਨਾਲ

ਸਬੰਧਿਤ ਸਾਰੇ ਸੰਭਵ ਮਸਲਿਆਂ ਤੇ ਕਾਨੂੰਨ ਬਨਾਉਣ, ਉਸਦੀ ਪੁਸ਼ਟੀ ਕਰਨ, ਇਸਦਾ ਵਿਸਥਾਰ ਕਰਨ, ਇਸਤੇ ਰੋਕ ਲਾਉਣ, ਇਸਨੂੰ ਰੱਦ ਕਰਨ, ਵਾਪਿਸ ਲੈਣ, ਫਿਰ ਲਾਗੂ ਕਰਨ ਅਤੇ ਇਸਦੀ ਵਿਆਖਿਆ ਕਰਨ ਵਿੱਚ ਸੰਸਦ ਕੋਲ ਸਰਬ ਉੱਚ ਅਤੇ ਨਿਰੰਕੁਸ ਅਧਿਕਾਰ ਹਨ; ਕਿਉਂਕਿ ਇਹ ਉਹ ਜਗ੍ਹਾ ਹੈ ਜਿੱਥੇ ਕਿ ਉਹ ਨਿਰੰਕੁਸ਼ ਤਾਨਾਸ਼ਾਹੀ ਵਾਲੀ ਸ਼ਕਤੀ ਜੋ ਕਿ ਕਿ ਸਾਰੀਆਂ ਸਰਕਾਰਾਂ ਵਿੱਚ ਕਿਸੇ ਨਾ ਕਿਸੇ ਥਾਂ ਤੇ ਹੋਣੀ ਚਾਹੀਦੀ ਹੈ; ਇਹਨਾਂ ਸਲਤਨਤਾਂ ਦੇ ਸੰਵਿਧਾਨ ਵੱਲੋਂ ਇਹ ਸ਼ਕਤੀ ਇਸਨੂੰ ਸੌਂਪੀ ਗਈ ਹੈ।"

ਇਸ ਵੱਲੋਂ ਕੀਤੇ ਜਾਣ ਵਾਲੇ ਵੱਖ-ਵੱਖ ਕਾਰਜਾਂ ਨੂੰ ਗਿਣਾਕੇ, ਇਹ ਅੱਗੇ ਇਸ ਤਰ੍ਹਾਂ ਬਿਆਨ ਕਰਦਾ ਹੈ:

"ਅਸੰਭਵ ਅਤੇ ਇਸ ਲਈ ਕੁੱਝ ਲੋਕਾਂ ਨੂੰ ਇਸਦੀ ਸ਼ਕਤੀ ਬਾਰੇ ਇੱਕ ਜ਼ਿਆਦਾ ਹੀ ਦਲੇਰੀ ਭਰਿਆ ਅੰਕੜਾ ਵਰਤਣ ਵਿੱਚ ਕੋਈ ਝਿਜਕ ਨਹੀਂ ਕਿ ਸੰਸਦ ਸਰਬਸ਼ਕਤੀਮਾਨ ਹੈ। ਇਹ ਸੱਚ ਹੈ ਕਿ ਜੋ ਕੁਝ ਸੰਸਦ ਕਰ ਸਕਦੀ ਹੈ, ਉਸਨੂੰ ਕੋਈ ਵੀ ਦੁਨੀਆਂ ਦੀ ਤਾਕਤ ਖਤਮ ਨਹੀਂ ਕਰ ਸਕਦੀ।"

(16) ਕੁੱਝ ਤੱਥਾਂ ਦੀ ਗਿਣਤੀ ਕਰਨ ਤੋਂ ਬਾਅਦ, ਡਾਈਸੀ ਤਿੰਨ ਨਤੀਜਿਆਂ ਤੇ ਪਹੁੰਚਦਾ ਹੈ, ਜਿਨ੍ਹਾਂ ਵਿੱਚੋਂ ਦੋ ਨਤੀਜੇ ਇਸ ਤਰਾਂ ਹਨ (ਪੰਨਾ 88):

ੳ) ਕਿ ਕੋਈ ਅਜਿਹਾ ਕਾਨੂੰਨ ਜਿਸਨੂੰ ਸੰਸਦ ਬਦਲ ਨਾ ਸਕਦੀ ਹੋਵੇ ਅਤੇ

ਅ) ਕਿ ਬਰਤਾਨਵੀ ਸਾਮਰਾਜ ਦੇ ਕਿਸੇ ਵੀ ਹਿੱਸੇ ਵਿੱਚ ਕੋਈ ਵੀ ਵਿਅਕਤੀ ਜਾਂ ਵਿਅਕਤੀਆਂ ਦਾ ਸਮੂਹ, ਭਾਵੇਂ ਕਾਰਜਕਾਰੀ ਹੋਵੇ, ਕਾਨੂੰਨ ਬਨਾਉਣ ਵਾਲਾ ਹੋਵੇ ਜਾਂ ਨਿਆਂਇਕ ਹੋਵੇ, ਜੋ ਕਿ ਬਰਤਾਨਵੀ ਸੰਸਦ ਵੱਲੋਂ ਪਾਸ ਕੀਤੇ ਕਿਸੇ ਕਾਨੂੰਨ ਨੂੰ ਰੱਦ ਕਰਨ ਦਾ ਐਲਾਨ ਕਰ ਸਕੇ, ਇਸ ਆਧਾਰ ਤੇ ਕਿ ਅਜਿਹਾ ਕਾਨੂੰਨ ਸੰਵਿਧਾਨ ਦੇ ਵਿਰੁੱਧ ਹੈ, ਜਾਂ ਕਿਸੇ ਵੀ ਹੋਰ ਆਧਾਰ ਤੇ, ਬੇਸ਼ੱਕ ਸਿਵਾਏ ਇਸਤੋਂ ਕਿ ਸੰਸਦ ਵੱਲੋਂ ਹੀ ਇਸ ਕਾਨੂੰਨ ਨੂੰ ਵਾਪਿਸ ਲੈ ਲਿਆ ਗਿਆ ਹੋਵੇ।

ਕਿਉਂਕਿ ਅੰਦਰੂਨੀ ਮਸਲਿਆਂ ਦੇ ਸਬੰਧ ਵਿੱਚ ਪਟਿਆਲਾ ਸਟੇਟ ਦੇ ਸ਼ਾਸਕ ਦੀ ਸਰਬ ਉੱਚ ਸ਼ਕਤੀ ਇੰਗਲੈਂਡ ਵਿੱਚ ਬਰਤਾਨਵੀ ਸੰਸਦ ਦੀ ਸ਼ਕਤੀ ਦੇ ਸਮਾਨ ਸੀ, ਇਸ ਲਈ ਮੇਰਾ ਇਹ ਵਿਚਾਰ ਹੈ ਕਿ ਡਾਈਸੀ ਵੱਲੋਂ ਉੱਪਰ ਦਿੱਤੇ ਹੋਏ ਵਿਚਾਰ ਉਸਤੇ ਵੀ ਬਰਾਬਰ ਹੀ ਲਾਗੂ ਹੁੰਦੇ ਹਨ ਅਤੇ ਕਿ ਉਸ ਵੱਲੋਂ ਜਾਰੀ ਕੀਤੇ ਗਏ ਕਿਸੇ ਵੀ ਹੁਕਮ ਤੇ ਕਿਸੇ ਸਿਵਲ ਕਚਹਿਰੀ ਵੱਲੋਂ ਕਿੰਤੂ ਨਹੀਂ ਕੀਤਾ ਜਾ ਸਕਦਾ। ਇਹ ਸਵਾਲ ਕਿ ਅਜਿਹਾ ਹੁਕਮ ਜੋ ਕਿ ਇੱਕ ਬੰਦੇ ਦੀ ਜਾਇਦਾਦ ਲੈ ਕੇ ਦੂਸਰੇ ਬੰਦੇ ਨੂੰ ਦੇ ਦਿੰਦਾ ਹੈ ਵਿਅਰਥ ਹੈ, ਕਿਉਂਕਿ ਸ਼ਾਸਕ ਨੂੰ ਹਰ ਕਿਸਮ ਦੇ ਹੁਕਮ ਜਾਰੀ ਕਰਨ ਦਾ ਅਧਿਕਾਰ ਹੈ।

(17) ਇੱਥੇ ਮੈਂ ਇਹ ਵੀ ਦੱਸ ਦੇਵਾਂ ਕਿ ਪੁਰਾਣੀ ਪਟਿਆਲਾ ਸਟੇਟ ਦੇ ਇਜਲਾਸ-ਏ-ਖ਼ਾਸ ਦੀ ਨਿਆਇਕ ਕਮੇਟੀ ਦੇ ਪ੍ਰਧਾਨ ਸ੍ਰੀ ਜੈ ਲਾਲ ਨੇ ਵੀ ਅਜਿਹੇ ਹੀ ਵਿਚਾਰ ਸ਼ਾਮ ਲਾਲ ਬਨਾਮ ਨਰਾਇਣ ਮੁਨੀ, 2 ਜੇ.ਸੀ. ਰੈਪ (ਪਟਿਆਲਾ) 253 ਵਿੱਚ ਪ੍ਰਗਟ ਕੀਤੇ ਸਨ। ਉਸਦੇ ਵਿਚਾਰ ਇਸ ਤਰ੍ਹਾਂ ਸਨ:

"ਮਹਾਰਾਜਾ ਸਾਹਿਬ ਸ੍ਰੀ 108 ਮਹਾਰਾਜਾ ਧੀਰਜ ਮਹਿੰਦਰ ਬਹਾਦੁਰ ਵੱਲੋਂ ਜਾਰੀ ਕੀਤੇ ਗਏ ਹੁਕਮ ਦੀ ਨਿਆਇਕ ਉਚਿੱਤਤਾ ਦੇ ਖਿਲਾਫ਼ ਸਿਵਲ ਕਚਹਿਰੀ ਵਿੱਚ ਕੋਈ ਮੁਕੱਦਮਾ ਨਹੀਂ ਚੱਲ ਸਕਦਾ।"

ਮੇਰੇ ਹਵਾਲੇ ਵਾਲੇ ਹੁਕਮ ਵਿੱਚ ਮੈਂ ਇਸ਼ਾਰਾ ਕੀਤਾ ਸੀ ਕਿ ਇਸ ਕੇਸ ਦੇ ਤੱਥ ਕੁੱਝ ਵੱਖਰੇ ਸਨ ਅਤੇ ਜੈਲਾਲ ਦੇ ਸ਼ਬਦ ਸਰਸਰੀ ਕਿਸਮ ਦੇ ਸਨ (Obiter Dieta)। ਇਸਦੇ ਬਾਵਜੂਦ ਇਹ ਸ਼ਬਦ ਬਹੁਤ ਵਜ਼ਨਦਾਰ ਹਨ ਅਤੇ ਮੈਂ ਸਤਿਕਾਰ ਨਾਲ ਉਹਨਾਂ ਨਾਲ ਸਹਿਮਤ ਹਾਂ।

(18) ਇਹਨਾਂ ਸਾਰੇ ਕਾਰਨਾਂ ਕਰਕੇ, ਫੁੱਲ ਬੈਂਚ ਅੱਗੇ ਰੱਖੇ ਗਏ ਸਵਾਲ ਦਾ ਮੇਰਾ ਜਵਾਬ ਇਹ ਹੈ ਕਿ ਇਸ ਮਸਲੇ ਵਿੱਚ ਇੱਕ ਸਿਵਲ ਕਚਹਿਰੀ ਦਾ ਕੋਈ ਅਧਿਕਾਰ-ਖੇਤਰ ਨਹੀਂ ਹੈ।

(19) ਗੁਰਨਾਮ ਸਿੰਘ ਜੱਜ: ਮੈਂ ਜਵਾਬ ਚੀਫ਼ ਜਸਟਿਸ ਨਾਲ ਸਹਿਮਤ ਹਾਂ।

(20) ਪਾਸੀ ਜੱਜ: ਜੋ ਸਵਾਲ ਬਿਨਾਂ ਸ਼ੱਕ ਤੋਂ ਇੱਕ ਕਾਨੂੰਨ ਦਾ ਸਵਾਲ ਹੈ ਅਤੇ ਵਿਸ਼ਾਲ ਮਹੱਤਤਾ ਵਾਲਾ ਹੈ, ਜਿਸਨੂੰ ਕਿ ਵਿਦਵਾਨ ਚੀਫ਼ ਜਸਟਿਸ ਨੇ ਫੁੱਲ ਬਚ ਅੱਗੇ ਰੱਖਿਆ ਹੈ ਉਹ ਇਹ ਹੈ —

"ਕੀ ਇੱਕ ਸਿਵਲ ਕਚਹਿਰੀ ਦੇ ਅਧਿਕਾਰ ਖੇਤਰ ਵਿੱਚ ਇਹ ਨਿਸ਼ਚਿਤ ਕਰਨਾ ਨਹੀਂ ਆਉਂਦਾ ਕਿ ਕੀ ਪੁਰਾਣੀ ਪਟਿਆਲ ਸਟੇਟ ਦੇ ਸ਼ਾਸਕ ਦੇ ਅਧਿਕਾਰ ਵਿੱਚ ਇਹ ਫੈਸਲਾ ਕਰਨਾ ਆਉਂਦਾ ਸੀ ਕਿ ਇੱਕ ਕਾਰਜਕਾਰੀ ਹੁਕਮ ਰਾਹੀਂ ਅਪੀਲ ਕਰਤਾਵਾਂ ਦੀ ਨਿੱਜੀ ਜਾਇਦਾਦ ਵਾਲੀ ਜਮੀਨ ਨੂੰ ਗੁਰਦੁਆਰਾ ਕਮੇਟੀ ਨੂੰ ਦੇ ਦਿੱਤਾ ਜਾਵੇ।"

ਮੁਕੱਦਮੇ ਵਾਲੀ ਜ਼ਮੀਨ ਬਾਰੇ ਕਿਹਾ ਜਾਂਦਾ ਸੀ ਕਿ ਇਹ ਗਾਗਾ ਦੇ ਗੁਰਦੁਆਰਾ ਗੁਰੂ ਤੇਗ ਬਹਾਦਰ ਦੀ ਜਾਇਦਾਦ ਨਾਲ ਸਬੰਧ ਰੱਖਦੀ ਸੀ, ਪਰ ਇਹ ਮੰਨਿਆ ਗਿਆ ਸੀ ਕਿ ਇਹ ਅਪੀਲ ਕਰਤਾਵਾਂ ਦੇ ਕਬਜ਼ੇ ਵਿੱਚ ਸੀ। ਡਿਉੜੀ ਮੁਵਾਲਾ ਦੇ ਸਰਦਾਰ ਸਾਹਿਬ, ਜੋ ਕਿ ਸਟੇਟ ਵਿੱਚ ਮਹਾਰਾਜਾ ਪਟਿਆਲਾ ਦੇ ਮਨਜ਼ੂਰੀ ਵਾਲੇ ਹੁਕਮ ਨਾਲ

ਧਾਰਮਿਕ ਸੰਸਥਾਵਾਂ ਦੇ ਪ੍ਰਸ਼ਾਸਨ ਦਾ ਕੰਮ ਚਲਾਉਂਦੇ ਸਨ, ਨੇ ਅਪੀਲ-ਕਰਤਾਵਾਂ ਦੀ ਜਗ੍ਹਾ ਤੇ ਗੁਰਦੁਆਰਾ ਦੇ ਪ੍ਰਬੰਧ ਵਾਸਤੇ ਇੱਕ ਕਮੇਟੀ ਨਿਯੁਕਤ ਕੀਤੀ ਸੀ। ਉਸਨੇ ਇਹ ਵੀ ਹਦਾਇਤ ਕੀਤੀ ਸੀ ਕਿ ਗੁਰਦੁਆਰੇ ਨਾਲ ਸਬੰਧਿਤ ਜ਼ਮੀਨ ਦਾ ਕਬਜ਼ਾ ਉਸ ਵੱਲੋਂ ਬਣਾਈ ਹੋਈ ਕਮੇਟੀ ਵੱਲੋਂ ਅਪੀਲ-ਕਰਤਾਵਾਂ ਤੋਂ ਲੈ ਕੇ ਆਪਣੇ ਕਬਜ਼ੇ ਵਿਚ ਲੈ ਲਿਆ ਜਾਵੇ। ਇਸਤੇ ਅਪੀਲ-ਕਰਤਾਵਾਂ ਨੇ ਇਹ ਐਲਾਨ ਕਰਦੇ ਹੋਏ ਇੱਕ ਹੁਕਮ ਜਾਰੀ ਕਰਨ ਵਾਸਤੇ ਇਸਤੋਂ ਅੱਗੇ ਪ੍ਰਾਰਥਨਾ ਕੀਤੀ ਤਾਂਕਿ ਨਵੀਂ ਬਣਾਈ ਪ੍ਰਬੰਧਕ ਕਮੇਟੀ ਵੱਲੋਂ ਉਹਨਾਂ ਦੀ ਬੇਦਖਲੀ ਤੇ ਰੋਕ ਲਾਈ ਜਾਵੇ।

ਇਸ ਮੁਕੱਦਮੇ ਦੇ ਵਿਰੁੱਧ ਬਚਾਉ ਪੱਖ ਦੀ ਇੱਕ ਮੁੱਖ ਦਲੀਲ ਇਹ ਸੀ ਕਿ ਸਿਵਲ ਕਚਹਿਰੀਆਂ ਦਾ ਇਸ ਮੁਕੱਦਮੇ ਨੂੰ ਚਲਾਉਣ ਦਾ ਕੋਈ ਅਧਿਕਾਰ ਖੇਤਰ ਨਹੀਂ ਹੈ; ਪਰ ਮੁਕੱਦਮੇ ਵਾਲੀ ਕਚਹਿਰੀ ਨੇ ਇਹ ਦਲੀਲ ਨਾਂ ਮੰਨੀ ਅਤੇ ਉੱਤਰਦਾਈਆਂ ਦੇ ਵਿਰੁੱਧ ਇਤਰਾਜ਼ ਦੇ ਹੱਕ ਵਿੱਚ ਫੈਸਲਾ ਕੀਤਾ, ਜਿਸ ਨਾਲ ਇੱਕ ਰਿਵੀਜਨ ਪਟੀਸ਼ਨ ਕੀਤੀ ਗਈ ਜਿਸ ਵਿੱਚ ਇਹ ਦਲੀਲ ਦਿੱਤੀ ਗਈ ਕਿ ਕਿਉਂਕਿ ਅੰਦਰੂਨੀ ਪ੍ਰਸ਼ਾਸਨ ਦੇ ਮਸਲਿਆਂ ਵਿੱਚ ਪਟਿਆਲਾ ਸਟੇਟ ਇੱਕ ਪ੍ਰਭੂਸੱਤਾ ਸੰਪੰਨ ਸਟੇਟ ਸੀ ਅਤੇ ਕਿ ਇਸਦੇ ਸ਼ਾਸਕ ਕੋਲ ਇਸ ਪ੍ਰਭੂਸੱਤਾ ਦੇ ਮੱਦੇ ਨਜ਼ਰ ਅਸੀਮ ਸ਼ਕਤੀਆਂ ਸਨ, ਇਸ ਲਈ ਸਿਵਲ ਕਚਹਿਰੀਆਂ ਦੇ ਇਸ ਸਵਾਲ ਬਾਰੇ ਬਹਿਸ ਵਿੱਚ ਪੈਣ ਅਤੇ ਉਸਦੇ ਸਟੇਟ ਦੇ ਨਿਆਇਕ ਮੁੱਖੀ ਦੇ ਤੌਰ ਤੇ ਜਾਰੀ ਕੀਤੇ ਗਏ ਹੁਕਮਾਂ ਦੀ ਨਿਆਇਕ ਉਚਿੱਤਤਾ ਜਾਂ ਕੋਈ ਹੋਰ ਫ਼ੈਸਲਾ ਕਰਨ ਤੇ ਰੋਕ ਲਗਾਈ ਗਈ ਸੀ। ਉੱਤਰਦਾਈਆਂ ਦੇ ਵਕੀਲ ਨੇ ਇਸ ਹੱਕ ਤੱਕ ਦਲੀਲ ਦਿੱਤੀ ਕਿ ਜੇ ਸ਼ਾਸਕ ਨੇ ਮਨਮਾਨੀ ਜਾਂ ਜ਼ਬਰਦਸਤੀ ਵਾਲੇ ਹੁਕਮ ਨਾਲ ਵੀ ਏ ਤੋਂ ਉਸਦੀ ਜਾਇਦਾਦ ਖੋਹ ਲਈ ਹੋਵੇ ਅਤੇ ਇਹ ਜਾਇਦਾਦ ਉਸਤੋਂ ਖੋਹ ਕੇ ਬੀ ਨੂੰ ਦੇ ਦਿੱਤੀ ਗਈ ਹੋਵੇ, ਤਾਂ ਵੀ ਸਿਵਲ ਕਚਹਿਰੀਆਂ ਦੇ ਅਧਿਕਾਰ ਖੇਤਰ ਵਿੱਚ ਇਹ ਮੁਕੱਦਮਾ ਚਲਾਉਣਾ ਨਹੀਂ ਬਣਦਾ, ਜੇ ਕੋਈ ਮੁਕੱਦਮਾ ਏ ਵੱਲੋਂ ਇਸ ਜਾਇਦਾਦ ਖੋਹਣ ਵਾਲੇ ਹੁਕਮ ਦੀ ਨਿਆਇਕ ਉਚਿੱਤਤਾ ਦੇ ਵਿਰੁੱਧ ਕੀਤਾ ਜਾਂਦਾ ਹੈ। ਵਰਤਮਾਨ ਮੁਕੱਦਮੇ ਦਾ ਪਿਛੋਕੜ ਉੱਪਰ ਦਿੱਤਾ ਗਿਆ ਹੈ। ਨਿਆਇਕ ਕਮੇਟੀ ਪਟਿਆਲਾ ਦੇ ਪ੍ਰਧਾਨ ਸਰ ਜੈ ਲਾਲ ਦੇ 'ਸ਼ਾਮ ਲਾਲ ਬਨਾਮ ਨਾਰਾਇਣ ਮੁਨੀ', 2 ਜੇ.ਸੀ. ਰੈਪ (ਪਟਿਆਲਾ) 253 ਵਿੱਚ ਫੈਸਲੇ ਤੋਂ ਸਿਵਾਏ ਕੋਈ ਵੀ ਧਿਰ ਕੋਈ ਵੀ ਉਦਾਹਰਣ ਪੇਸ਼ ਨਹੀਂ ਕਰ ਸਕਦੀ। ਸਰ ਜੈ ਲਾਲ ਵੱਲੋਂ ਕੀਤੇ ਫੈਸਲੇ ਵਾਲੇ ਕੇਸ ਵਿੱਚ ਉਸਨੇ ਜੋ ਵਿਚਾਰ ਰੱਖੇ ਸਨ, ਉਹ ਇਸ ਕੇਸ ਦਾ ਮੁੱਦਾ ਨਹੀਂ ਸਨ। ਇਸ ਤਰ੍ਹਾ ਉਸਦੇ ਇਹ ਵਿਚਾਰ ਕਿ ਮਹਾਰਾਜਾ ਸਾਹਿਬ ਪਟਿਆਲਾ ਦੇ ਮਹਾਰਾਜਾ ਧੀਰਜ ਵੱਲੋਂ ਜਾਰੀ ਕੀਤੇ ਗਏ ਹੁਕਮ ਦੀ ਨਿਆਇਕ ਉਚਿੱਤਤਾ ਸਿਵਲ ਕਚਹਿਰੀ ਵਿੱਚ ਬਹਿਸ ਦਾ ਵਿਸ਼ਾ ਨਹੀਂ ਬਣ ਸਕਦੀ ਸੀ, ਸਰਸਰੀ ਕਿਸਮ ਦੇ ਵਿਚਾਰ ਸਨ। ਇਸ ਬੈਂਚ ਅੱਗੇ ਪੇਸ਼ ਕੀਤਾ ਗਿਆ ਸਵਾਲ ਮੁੱਖ ਤੌਰ ਤੇ ਸਟੇਟ ਦੇ ਰਾਜਨੀਤਕ ਅਤੇ ਸੰਵਿਧਾਨਕ ਇਤਿਹਾਸ ਦਾ ਅਤੇ ਇਸਦੇ ਸ਼ਾਸਕਾਂ ਵੱਲੋਂ ਮਾਣੀਆਂ ਜਾਂਦੀਆਂ ਸ਼ਕਤੀਆਂ ਦਾ ਸਵਾਲ ਹੈ, ਇਹ ਮਹਾਨ ਕਾਨੂੰਨੀ ਉਲਝਣ ਵਾਲਾ ਵੀ ਸਵਾਲ ਹੈ, ਅਤੇ ਕਿਉਂਕਿ ਦੋਵਾਂ ਵਿੱਚੋਂ ਕਿਸੇ ਵੀ ਧਿਰ ਦਾ ਵਕੀਲ ਅਜਿਹੀਆਂ ਸ਼ਕਤੀਆਂ ਦੇ ਇਤਿਹਾਸ ਨੂੰ ਉਲੀਕਣ ਯੋਗ ਨਹੀਂ ਸੀ, ਇਸ ਲਈ ਉਹਨਾਂ ਦੀਆਂ ਦਲੀਲਾਂ ਦੇ ਆਧਾਰ ਤੇ ਅਤੇ ਜੋ ਵੀ ਤੁੱਛ ਸਮੱਗਰੀ ਪ੍ਰਾਪਤ ਸੀ ਦੇ ਆਧਾਰ ਤੇ ਉੱਪਰ ਦੱਸਿਆ ਹਵਾਲਾ ਦਿੱਤਾ ਗਿਆ ਹੈ।

ਇਹ ਜ਼ਰੂਰੀ ਨਹੀ ਕਿ ਉਹ ਜ਼ਮਾਨੇ ਤੋਂ ਪਹਿਲਾਂ ਦੇ ਇਤਿਹਾਸ ਨੂੰ ਫਰੋਲਿਆ ਜਾਵੇ, ਜਦੋਂ ਮਹਾਰਾਜਾ ਪਟਿਆਲ ਨੇ ਬਰਤਾਨਵੀ ਰਾਜ ਦੀ ਸੁਰੱਖਿਆ ਲਈ ਅਤੇ ਜਦੋਂ ਉਸਦੀ ਆਪਣੀ ਸਥਿਤੀ ਅਤੇ ਉਸਦੀ ਸਟੇਟ ਦੀ ਸਥਿਤੀ ਦੀ ਗਾਰੰਟੀ ਇੱਕ ਸਨਦ ਨਾਲ ਦਿੱਤੀ ਗਈ ਸੀ ਜੋ ਕਿ ਇੱਕ ਸੰਧੀਨਾਮੇ ਦੇ ਬਰਾਬਰ ਸੀ। ਜਿਵੇਂ ਕਿ ਇਸਤੋਂ ਬਾਅਦ ਦੁਹਰਾਈ ਗਈ ਸਨਦ ਦਾ ਸਾਰਥਕ ਵਿਸ਼ਾ ਇਹ ਦਰਸਾਏਗਾ ਕਿ ਪਟਿਆਲਾ ਉਹਨਾਂ ਸਟੇਟਾਂ ਵਿੱਚੋਂ ਇੱਕ ਸਟੇਟ ਸੀ ਜੋ ਕਿ ਬਰਤਾਨਵੀ ਰਾਜ ਦੀਆਂ ਅਧੀਨ ਸਟੇਟਾਂ ਬਣ ਗਈਆਂ, ਪਰ ਇਸਨੂੰ ਆਪਣੀ ਪਰਜਾ ਤੇ ਸਿਵਲ ਅਤੇ ਅਪਰਾਧਿਕ ਖੇਤਰ ਵਿੱਚ ਪੂਰੀ ਅੰਦਰੂਨੀ ਪ੍ਰਭੂਸੱਤਾ ਅਤੇ ਬੇਰੋਕ ਅਧਿਕਾਰ ਪ੍ਰਾਪਤ ਸ। ਇਹ ਸਨਦ ਇਸ ਤਰ੍ਹਾਂ ਸੀ,

"ਮਹਾਰਾਜ ਸਾਹਿਬ ਅਤੇ ਉਸਦੇ ਉੱਤਰਾਧਿਕਾਰੀ, ਵਰਤਮਾਨ ਅਤੇ ਭਵਿੱਖ ਵਿੱਚ, ਬਰਤਾਨਵੀ ਸਰਕਾਰ ਵੱਲੋਂ ਉਸਨੂੰ ਸੌਂਪੇ ਗਏ ਉਸਦੀ ਜੱਦੀ ਜਾਇਦਾਦ ਅਤੇ ਇਲਾਕੇ 'ਤੇ ਪ੍ਰਾਚੀਨ ਰੀਤੀ-ਰਿਵਾਜ ਅਨੁਸਾਰ ਮਨ ਦੀ ਸ਼ਾਂਤੀ ਨਾਲ ਅਤੇ ਪੂਰੀ ਸੁਰੱਖਿਆ ਨਾਲ ਪ੍ਰਭੂਸੱਤਾ ਮਾਨਣਗੇ, ਅਤੇ ਬਰਤਾਨਵੀ ਸਰਕਾਰ ਵੱਲੋਂ ਉਸਨੂੰ ਬਖਸ਼ਿਆ ਗਿਆ ਇਲਾਕਾ ਉਸ ਵੱਲੋਂ ਕੀਤੀ ਗਈ ਚੰਗੀ ਸੇਵਾ ਦੀ ਮਾਨਤਾ ਵਜੋਂ ਉਸਦੀ ਜੱਦੀ ਜਾਇਦਾਦ ਸਮਝਿਆ ਜਾਵੇਗਾ, ਜਿੱਥੇ ਉਸਨੂੰ ਅੰਦਰੂਨੀ ਅਤੇ ਬਾਹਰੀ ਸਾਰੀਆਂ ਸ਼ਕਤੀਆਂ ਅਤੇ ਅਧਿਕਾਰ ਹੋਣਗੇ... ਮਹਾਰਾਜ ਸਾਹਿਬ ਦੇ ਵਿਰੁੱਧ ਉਸਦੀ ਪਰਜਾ, ਮੁਆਫ਼ੀਦਾਰਾਂ, ਜਾਗੀਰਦਾਰਾਂ, ਅਧੀਨ ਵਿਅਕਤੀਆਂ, ਭਰਾਵਾਂ ਅਤੇ ਨੌਕਰਾਂ ਆਦਿ ਵੱਲੋਂ ਕੀਤੀਆਂ ਗਈ ਸ਼ਿਕਾਇਤਾਂ ਨੂੰ ਕਿਸੇ ਤਰ੍ਹਾਂ ਵੀ ਸ਼ਕਤੀਸ਼ਾਲੀ ਬਰਤਾਨਵੀ ਸਰਕਾਰ ਵੱਲੋਂ ਨਹੀਂ ਸੁਣਿਆ ਜਾਵੇਗਾ... ਅੰਦਰੂਨੀ ਪ੍ਰਬੰਧ ਅਤੇ ਭਰਾਵਾਂ, ਘਰੇਲੂ ਅਤੇ ਰਿਸ਼ਤੇਦਾਰਾਂ, ਨਿਯਮਾਂ ਅਤੇ ਪ੍ਰਬੰਧਾ ਦੇ ਸਬੰਧ ਵਿੱਚ ਜੋ ਕਿ ਮਹਾਰਾਜਾ ਸਾਹਿਬ ਮਹਿੰਦਰ ਬਹਾਦੁਰ ਵੱਲੋਂ ਕੀਤੇ ਜਾਣਗੇ,

ਉਹਨਾਂ ਦਾ ਹਮੇਸ਼ਾ ਸਤਿਕਾਰ ਕੀਤਾ ਜਾਵੇਗਾ ਅਤੇ ਸ਼ਕਤੀਸ਼ਾਲੀ ਬਰਤਾਨਵੀ ਸਰਕਾਰ ਵੱਲਂ, ਇਹਨਾਂ ਵਿੱਚ ਕੋਈ ਦੱਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ।"

ਇਸ ਤਰ੍ਹਾਂ ਪਟਿਆਲੇ ਦੀ ਅੰਦਰੂਨੀ ਪ੍ਰਭੂਸੱਤਾ ਨੂੰ ਮਾਨਤਾ ਦਿੱਤੀ ਗਈ ਸੀ।

ਸਨਦ ਵਿੱਚ ਫਿਰ ਭਰੋਸਾ ਦਿਵਾਇਆ ਗਿਆ ਕਿ ਸਟੇਟ ਦੇ ਅੰਦਰੂਨੀ ਪ੍ਰਸ਼ਾਸਨ ਦੇ ਸਬੰਧ ਵਿੱਚ ਅਤੇ ਪਰਜਾ ਉੱਪਰ ਪ੍ਰਭੂਸੱਤਾ ਵਾਲੇ ਅਧਿਕਾਰ ਵਰਤਣ ਦੇ ਸਬੰਧ ਵਿੱਚ, ਮਹਾਰਾਜਾ ਕੋਲ ਬੇਰੋਕ ਸੁਤੰਤਰਤਾ ਹੋਵੇਗੀ। ਸਾਡੇ ਅੱਗੇ ਚੱਲ ਰਹੇ ਕੇਸ ਦੀ ਕਾਰਵਾਈ ਵਿੱਚ, ਸਾਡਾ ਸਬੰਧ ਪਟਿਆਲਾ ਦੇ ਸ਼ਾਸਕ ਦੇ ਬਾਹਰੀ ਅਧਿਕਾਰਾਂ ਅਤੇ ਸ਼ਕਤੀਆਂ ਦੀ ਹੱਦ ਨਾਲ ਇੰਨਾਂ ਨਹੀਂ ਹੈ ਜੋ ਸ਼ਕਤੀਆਂ ਅਤੇ ਅਧਿਕਾਰ ਸਨਦ ਵਿੱਚ ਦਿੱਤੇ ਗਏ ਹਨ ਜਿੰਨਾਂ ਕਿ ਸਟੇਟ ਦੇ ਅੰਦਰ ਅਤੇ ਉਸਦੀ ਪਰਜਾ ਉੱਪਰ ਉਸਦੇ ਅਧਿਕਾਰਾਂ ਨਾਲ ਹੈ। ਇਸ ਪ੍ਰਸੰਗ ਵਿਚ ਇਹ ਜਾਨਣਾ ਜ਼ਰੂਰੀ ਹੈ ਕਿ ਉਸਦੇ ਕੇਸ ਵਿੱਚ ਪ੍ਰਭੂਸੱਤਾ (Sovereignty) ਸ਼ਬਦ ਦਾ ਕੀ ਭਾਵ ਸੀ। ਵਾਰਟਨ ਦੇ ਲਾਅ ਲੈਕਸੀਕਨ (ਚੌਦਵੀਂ ਜਿਲਦ) ਅਨੁਸਾਰ, ਪ੍ਰਭੂਸੱਤਾ ਸੰਪੰਨ ਦਾ ਅਰਥ ਇੱਕ ਮੁੱਖ ਜਾਂ ਸਰਬ ਉੱਚ ਵਿਅਕਤੀ ਹੈ; ਅਤੇ ਪ੍ਰਭੂਸੱਤਾ ਅਧਿਕਾਰ ਜਾਂ ਪ੍ਰਭੂਸੱਤਾ ਦਾ ਭਾਵ ਸਟੇਟ ਵਿੱਚ ਅਜਿਹੀ ਸ਼ਕਤੀ ਹੈ ਜਿਸਤੋਂ ਉੱਪਰ ਹੋਰ ਕੋਈ ਨਹੀਂ ਹੈ। ਜੋ ਪ੍ਰਭੂਸੱਤਾ ਮਹਾਰਾਜਾ ਪਟਿਆਲਾ ਨੂੰ ਪ੍ਰਾਪਤ ਸੀ ਉਹ ਇਸ ਪਰਿਭਾਸ਼ਾ ਤੇ ਪੂਰੀ ਨਹੀਂ ਉਤਰਦੀ। ਜਦੋਂ ਕਿ ਉਹ ਆਪਣੀ ਪਰਜਾ ਦਾ ਮੁੱਖੀ ਸੀ, ਫਿਰ ਵੀ ਉਹ ਇੱਕ ਅਜਿਹੀ ਸ਼ਕਤੀ ਨਹੀਂ ਸੀ ਜਿਸਤੋਂ ਉੱਚਾ ਹੋਰ ਕੋਈ ਨਹੀਂ ਸੀ। ਅਪੀਲ ਕਰਤਾ ਦੇ ਵਿਦਵਾਨ ਵਕੀਲ ਵੱਲੋਂ ਇਹ ਮੰਨਿਆ ਗਿਆ ਹੈ ਕਿ ਜਿੱਥੋਂ ਤਕ ਸਟੇਟ ਦੇ ਵਿਦੇਸ਼ੀ ਸਬੰਧਾਂ ਦਾ ਸਵਾਲ ਸੀ ਮਹਾਰਾਜਾ ਕੋਲ ਅਮਲੀ ਤੌਰ ਤੇ ਪ੍ਰਭੂਸੱਤਾ ਨਹੀਂ ਸੀ ਇਹ ਬਰਤਾਨਵੀ ਸਰਕਾਰ ਸੀ ਜੋ ਕਿ ਸਟੇਟ ਦੇ ਵਿਦੇਸ਼ੀ ਮਸਲਿਆਂ ਅਤੇ ਸਬੰਧਾਂ ਤੇ ਕਾਬਿਜ਼ ਸੀ, ਇਹਨਾਂ ਨੂੰ ਚਲਾਉਂਦੀ ਸੀ ਅਤੇ ਇਹਨਾਂ ਨੂੰ ਨਿਯਮਿਤ ਕਰਦੀ ਸੀ। ਕਿਉਂਕਿ ਪਟਿਆਲਾ ਸਟੇਟ ਇੱਕ ਦੇਸੀ ਭਾਰਤੀ ਸਟੇਟ ਸੀ, ਇਸ ਲਈ ਇਹ ਇੱਕ ਵੱਡੀ ਸੰਸਥਾ ਜਾਂ ਸਟੇਟ-ਭਾਰਤ ਦਾ ਸਿਰਫ਼ ਹਿੱਸਾ ਜਾਂ ਮੈਂਬਰ ਸੀ ਜਿਸ ਦੀ ਇੱਕ ਸਰਕਾਰ ਸੀ ਜਿਸਨੂੰ ਕਿ ਬਰਤਾਨਵੀ ਸੰਸਦ ਦੇ ਅਧਿਕਾਰ ਹੇਠਾਂ ਬਣਾਇਆ ਗਿਆ ਸੀ। ਪਟਿਆਲਾ ਇੱਕ ਸੁਤਤਰ ਪ੍ਰਭੂਸੱਤਾ ਸੰਪੰਨ ਸਟੇਟ ਨਹੀਂ ਸੀ, ਬਲਕਿ ਇੱਕ ਉਚੇਰੀ ਅਤੇ ਪ੍ਰਮੁੱਖ ਸ਼ਕਤੀ ਦੇ ਅਧੀਨ ਸੀ ਯਾਨੀ ਬਰਤਾਨਵੀ ਸਰਕਾਰ ਦੇ ਅਧੀਨ ਸੀ ਜੋ ਕਿ ਭਾਰਤ ਵਿੱਚ ਭਾਰਤੀ ਸਰਕਾਰ ਰਾਹੀਂ ਕੰਮ ਕਰ ਰਹੀ ਸੀ, ਅਤੇ ਇਸ ਪੱਖੋਂ ਕੁੱਝ ਮਸਲਿਆਂ ਵਿੱਚ ਬਰਤਾਨਵੀ ਸਰਕਾਰ ਦੇ ਕਾਬੂ ਹੇਠਾਂ ਸੀ ਅਤੇ ਸੰਧੀਨਾਮੇ ਦੀਆਂ ਸ਼ਰਤਾਂ ਦੀ ਪਾਬੰਦ ਸੀ, ਜੋ ਸ਼ਰਤਾਂ ਆਪਣੇ ਆਪ ਵਿੱਚ ਹੀ ਸ਼ਾਸਕ ਦੇ ਕੇਸ ਵਿੱਚ ਅੰਦਰੂਨੀ ਮਸਲਿਆਂ ਵਿੱਚ ਵੀ ਪ੍ਰਭੂਸੱਤਾ ਸੰਪੰਨ ਸ਼ਬਦ ਦੀ ਵਰਤੋਂ ਕਰਨ ਦੇ ਵਿਰੁੱਧ ਜਾਂਦੀਆਂ ਸਨ।

ਸਟੇਟ ਦੇ ਅੰਦਰ ਸ਼ਾਸਕ ਵੱਲੋਂ ਵਰਤੀ ਜਾਂਦੀ ਪ੍ਰਭੂਸੱਤਾ ਦਾ ਅਧਿਕਾਰ ਵੀ ਪੂਰੀ ਤਰ੍ਹਾਂ ਸੀਮਾ ਰਹਿਤ ਨਹੀਂ ਸੀ, ਕਿਉਂਕਿ ਪ੍ਰਮੁੱਖ ਸ਼ਕਤੀ ਵੱਲੋਂ ਦਖਲ ਅੰਦਾਜ਼ੀ ਦੇ ਕੇਸ ਅਤੇ ਕਾਰਣ ਪੂਰੀ ਤਰ੍ਹਾਂ ਅਣਜਾਣੇ ਨਹੀਂ ਹਨ, ਅਤੇ ਅਜਿਹੀ ਦਖਲਅੰਦਾਜ਼ੀ ਬਹੁਤ ਸਾਰੇ ਪੱਖਾਂ ਤੋਂ ਅਤੇ ਚਾਨਚੱਕ ਮੌਕਿਆਂ ਵਿੱਚ ਪੈਦਾ ਹੋ ਜਾਂਦੀ ਸੀ। 'ਅੰਦਰੂਨੀ ਮਸਲਿਆਂ' ਦੇ ਵਰਗ ਅੰਦਰ ਆਉਣ ਵਾਲੇ ਮਸਲਿਆਂ ਵਿੱਚ ਪ੍ਰਮੁੱਖ ਸ਼ਕਤੀ ਨੂੰ ਦਖਲ ਦਾ ਅਧਿਕਾਰ ਸੁਭਾਵਿਕ ਹੈ, ਇਹ ਪ੍ਰਮੁੱਖ ਸ਼ਕਤੀ ਅਤੇ ਸੁਰਖਿਅਤ ਸਟੇਟਾਂ ਦੇ ਵਿਚਕਾਰ ਸਬੰਧਾਂ ਤੇ ਨਿਰਭਰ ਕਰਦੀ ਹੈ। ਪ੍ਰਮੁੱਖ ਸਕਤੀ ਨੇ ਭਾਰਤੀ ਸਟੇਟਾਂ ਦੇ ਸ਼ਾਸਕਾਂ ਦੇ ਇੱਕ ਵਰਗ ਦੇ ਸਬੰਧ ਵਿੱਚ ਉਹਨਾਂ ਨੂੰ ਗੱਦੀ ਤੋਂ ਲਾਹੁਣ ਦੀ ਹੱਦ ਤੱਕ ਦਖਲ ਅੰਦਾਜ਼ੀ ਕੀਤੀ ਸੀ, ਪਟਿਆਲੇ ਦਾ ਸ਼ਾਸਕ ਇਸ ਵਰਗ ਵਿੱਚ ਆਉਂਦਾ ਸੀ। ਇਹ ਦਖਲਅੰਦਾਜ਼ੀ ਮਨੁੱਖਤਾ ਦੇ ਆਧਾਰ ਤੇ ਜਾਂ ਅਜਿਹੀਆਂ ਹਾਲਤਾਂ ਪੈਦਾ ਹੋਣ ਦੀ ਹਾਲਤ ਵਿੱਚ ਕੀਤੀ ਜਾਂਦੀ ਸੀ ਜੋਕਿ ਘੋਰ ਅੰਦਰੂਨੀ ਕੁਸ਼ਾਸਨ ਦੀਆਂ ਸੂਚਕ ਸਨ ਜਿਸ ਨਾਲ ਸਟੇਟ ਦੀ ਪਰਜਾ ਅਤੇ ਉਹਨਾਂ ਦੀ ਜਾਇਦਾਦ ਦੀ ਸੁਰੱਖਿਆ ਖਤਰੇ ਵਿੱਚ ਪੈਂਦੀ ਸੀ। ਪ੍ਰਮੁੱਖ ਸ਼ਕਤੀ ਵੱਲੋਂ ਦਖਲਅੰਦਾਜ਼ੀ ਉਸ ਵੇਲੇ ਵੀ ਸੰਭਵ ਸੀ ਜਦੋਂ ਭਾਰਤੀ ਸਟੇਟ ਦੇ ਅਖੌਤੀ ਸਰਬ ਸ਼ਕਤੀਮਾਨ ਰਾਜੇ ਵੱਲੋਂ ਬਰਤਾਨਵੀ ਨਾਗਰਿਕਾਂ ਦੀ ਜਾਇਦਾਦ ਅਤੇ ਬਰਤਾਨਵੀ ਨਾਗਰਿਕ ਦੀ ਸੁਰੱਖਿਆ ਤੇ ਹਮਲਾ ਕਰਨ ਦੀ ਧਮਕੀ ਦਿੱਤੀ ਜਾਂਦੀ ਸੀ ਜਾਂ ਬਰਤਾਨਵੀ ਰਾਜ ਨਾਲ ਜੁੜੀਆਂ ਹੋਈਆਂ ਸ਼ਕਤੀਆਂ ਰਾਹੀਂ ਪਰਜਾ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਸੀ, ਜਾਂ ਜਦੋਂ ਉਸਦਾ ਦੁਰ-ਸ਼ਾਸਨ ਬਰਤਾਨਵੀ ਭਾਰਤ ਦੇ ਕਿਸੇ ਹਿੱਸੇ ਵਾਸਤੇ ਜਾਂ ਬਰਤਾਨਵੀ ਸਰਕਾਰ ਵੱਲੋਂ ਸੁਰੱਖਿਅਤ ਕੀਤੀ ਗਈ ਕਿਸੇ ਵੀ ਭਾਰਤੀ ਸਟੇਟ ਵਾਸਤੇ ਖਤਰਾ ਬਣਦਾ ਸੀ। ਇਸ ਤਰ੍ਹਾਂ ਇਹ ਗੱਲ ਸਪਸ਼ਟ ਹੈ ਕਿ ਦੂਸਰੀਆਂ ਭਾਰਤੀ ਸਟੇਟਾਂ ਦੀ ਤਰ੍ਹਾਂ ਪਟਿਆਲਾ ਸਟੇਟ ਦੀ ਅੰਦਰੂਨੀ ਪ੍ਰਭੂਸੱਤਾ, ਜਿਨ੍ਹਾਂ ਨੂੰ ਬਰਤਾਨਵੀ ਸਰਕਾਰ ਵੱਲੋਂ ਇਹੋ ਜਿਹੀਆਂ ਜਾਂ ਤਕਰੀਬਨ ਇਹੋ ਜਿਹੀਆਂ ਗਾਰੰਟੀਆਂ ਦਿੱਤੀਆਂ ਗਈਆਂ ਸਨ, ਬਰਤਾਨਵੀ ਰਾਜ ਵੱਲੋਂ ਦਖਲ ਦੇਣ ਦੇ ਅਧਿਕਾਰ ਦੀ ਪਾਬੰਦ ਸੀ, ਜੇ ਦਖਲਅੰਦਾਜ਼ੀ ਦੀ ਅਚਾਨਕ ਜ਼ਰੂਰਤ ਵਾਲੀ ਘਟਨਾਂ ਪੈਦਾ ਹੋ ਜਾਂਦੀ ਤਾਂ। ਹੋਰ ਬਹੁਤ ਸਾਰੀਆਂ ਗੱਲਾਂ ਹਨ, ਉਦਾਹਰਣ ਵਜੋਂ ਰੇਲਵੇ ਅਤੇ ਟੈਲੀਗਰਾਫ਼ ਦੀ ਸਥਾਪਤੀ, ਜ ਕਿ ਸ਼ਾਸਕ ਭਾਰਤ ਦੀ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਨਹੀਂ ਕਰ ਸਕਦਾ ਸੀ। ਇਸ ਤਰ੍ਹਾਂ ਅੰਦਰੂਨੀ ਪ੍ਰਭੂਸੱਤਾ ਦੇ ਪੂਰੇ ਅਰਥ ਅਨੁਸਾਰ, ਇਸ ਸ਼ਬਦ ਦੀ ਵਰਤੋਂ ਪਟਿਆਲੇ ਨਾਲ ਕਰਨੀ ਅਸੰਭਵ ਹੈ, ਜਾਂ ਇਹ ਕਹਿਣਾ ਅਸੰਭਵ

ਹੈ ਕਿ ਇਸਦਾ ਸ਼ਾਸਕ ਪ੍ਰਭੂਸੱਤਾ ਦੀਆਂ ਅਸੀਮ ਸ਼ਕਤੀਆਂ ਦਾ ਪੂਰਾ ਮਾਲਿਕ ਸੀ ਅਤੇ ਕਿ ਕਿਸੇ ਵੀ ਬਾਹਰਲੀ ਸ਼ਕਤੀ ਜਾਂ ਅਧਿਕਾਰੀ ਦੀ ਬੰਦਿਸ਼ ਤੋਂ ਪੂਰੀ ਤਰ੍ਹਾਂ ਮੁਕਤ ਸੀ।

ਜਿੱਥੋਂ ਤੱਕ ਉੱਚ ਅਤੇ ਪੂਰਨ ਪ੍ਰਭੂਸੱਤਾ ਬਰਤਾਨਵੀ ਸਰਕਾਰ ਕੋਲ ਸੀ, ਪਟਿਆਲੇ ਦੇ ਸ਼ਾਸਕ ਦੀ ਪ੍ਰਭੂਸੱਤਾ ਨੁਕਸਦਾਰ (anomalous) ਸੀ ਜਾਂ ਸੀ ਨੀਮ ਪ੍ਰਭੂਸੱਤਾ ਸੀ। ਫਿਰ ਵੀ ਇਸ ਨਾਲ ਸਾਨੂੰ ਆਪਣੇ ਅੱਗੇ ਪੇਸ਼ ਕੀਤੇ ਗਏ ਮੁੱਦੇ ਬਾਰੇ ਭੰਬਲ-ਭੂਸਾ ਨਹੀਂ ਹੋਣਾ ਚਾਹੀਦਾ, ਜਿਸਦਾ ਦਾਇਰਾ ਵਿਸ਼ਾਲ ਨਹੀਂ ਹੈ। ਪਟਿਆਲੇ ਦੇ ਸ਼ਾਸਕ ਦੀਆਂ ਸ਼ਕਤੀਆਂ ਤੇ ਬਾਹਰਲੇ ਮਸਲਿਆਂ ਵਿੱਚ ਜਾਂ ਉਹਨਾਂ ਮਸਲਿਆਂ ਵਿੱਚ ਜਿੱਥੇ ਆਮ ਤੌਰ ਤੇ ਆਪਣੀ ਸਟੇਟ ਵਿੱਚ ਉਹ ਵਰਤ ਸਕਦਾ ਹੈ, ਰੁਕਾਵਟਾਂ ਉਸਨੂੰ ਪ੍ਰਭੂਸੱਤਾ ਦੀਆਂ ਸੀਮਿਤ ਸ਼ਕਤੀਆਂ ਵਾਲਾ ਸ਼ਾਸਕ ਬਣਾ ਦਿੰਦੀਆਂ ਹਨ। ਫਿਰ ਵੀ, ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਅਤੇ ਇਸ ਗੱਲ ਨੂੰ ਵਿਦਵਾਨ ਵਕੀਲ ਨੇ ਵੀ ਮੰਨਿਆ ਹੈ ਅਤੇ ਉੱਤਰਦਾਈ ਦੇ ਵਿਦਵਾਨ ਵਕੀਲ ਨੇ ਵੀ ਇਹ ਗੱਲ ਮੰਨੀ ਹੈ ਕਿ ਉਸ ਕੋਲ ਬੇਰੋਕ ਸ਼ਕਤੀਆਂ ਸਨ ਅਤੇ ਉਹ ਇਹਨਾਂ ਦੀ ਵਰਤੋਂ ਕਰ ਸਕਦਾ ਸੀ, ਜੇ ਮੈਂ ਨਿਆਇਕ, ਕਾਰਜਕਾਰੀ ਅਤੇ ਕਾਨੂੰਨ ਬਣਾਉਣ ਸਬੰਧੀ ਮਸਲਿਆਂ ਦੇ ਸਬੰਧ ਵਿੱਚ ਕਹਿ ਸਕਦਾ ਹਾਂ, ਅਤੇ ਇਹ ਗੁਣ ਪ੍ਰਭਸੱਤਾ ਵਾਲੇ ਗੁਣ ਹਨ — ਹਰ ਤਰ੍ਹਾਂ ਨਾਲ ਅੰਦਰੂਨੀ ਪ੍ਰਭੂਸੱਤਾ ਵਾਲੇ ਗੁਣ ਹਨ। ਸਨਦ ਵੱਲੋਂ ਉਸਦੇ ਇਸ ਅਧਿਕਾਰ ਖੇਤਰ ਦੀ ਵਿਵਸਥਾ ਕੀਤੀ ਗਈ ਹੈ ਅਤੇ ਉਸ ਤਰਫੋਂ ਜੱਦੀ ਰੀਤੀ-ਰਿਵਾਜ ਨੂੰ ਮਾਨਤਾ ਦਿੱਤੀ ਗਈ ਹੈ, ਜਿਸ ਕਰਕੇ ਉਸ ਦੇ ਇਲਾਕੇ ਦੀਆਂ ਹੱਦਾਂ ਅੰਦਰ ਸਾਰੇ ਵਿਅਕਤੀਆਂ ਅਤੇ ਸਾਰੇ ਗੈਰ-ਕਾਨੂੰਨੀ ਕਾਰਵਾਈਆਂ ਦੇ ਸਬਧ ਵਿੱਚ ਉਸਦੇ ਅਧਿਕਾਰ ਖੇਤਰ ਨੂੰ ਮਾਨਤਾ ਦਿੱਤੀ ਗਈ ਹੈ। ਉਹ ਇਨਸਾਫ਼ ਅਤੇ ਕਾਨੂੰਨਾਂ ਦਾ ਸਰੋਤ ਸੀ। ਆਪਣੀ ਪਰਜਾ ਵਾਸਤੇ ਕਾਨੂੰਨ ਬਣਾਉਣ ਦੀਆਂ ਉਸ ਦੀਆਂ ਸ਼ਕਤੀਆਂ ਜਾਂ ਅਧਿਕਾਰ ਵਿਸ਼ੇਸ਼ ਅਤੇ ਬੇਰੋਕ ਸਨ। ਅਸਲ ਵਿੱਚ ਉਹ ਆਪਣੀ ਸਟੇਟ ਦਾ ਕਾਨੂੰਨਦਾਨ ਸੀ, ਅਤੇ ਉਹ ਸਟੇਟ ਵਿੱਚ ਲਾਗੂ ਕਿਸੇ ਵੀ ਕਾਨੂੰਨ ਵਿੱਚ ਸੋਧ ਕਰ ਸਕਦਾ ਸੀ ਜਾਂ ਇਸਨੂੰ ਵਾਪਿਸ ਲੈ ਸਕਦਾ ਸੀ। ਇਸ ਤਰ੍ਹਾਂ ਸਪਸ਼ਟ ਤੌਰ ਤੇ ਉਸਨੂੰ ਕਾਨੂੰਨ ਸਬੰਧੀ ਪ੍ਰਭੂਸੱਤਾ ਹਾਸਿਲ ਸੀ।

ਆਪਣੀ ਸਟੇਟ ਦੇ ਪ੍ਰਸ਼ਾਸਨ ਦੇ ਕਾਰਜਕਾਰੀ ਹਿੱਸੇ ਤੇ ਵੀ ਉਸਦਾ ਪੂਰਾ ਅਤੇ ਸੰਪੂਰਨ ਕਾਬੂ ਸੀ। ਅਸਲ ਵਿੱਚ, ਸਰਕਾਰ ਉਸ ਵੱਲੋਂ ਚਲਾਈ ਜਾਂਦੀ ਸੀ ਅਤੇ ਉਸਦੇ ਨਾਮ ਤੇ ਚਲਾਈ ਜਾਂਦੀ ਸੀ। ਸਟੇਟ ਦਾ ਹਰ ਸੇਵਾਦਾਰ ਜਾਂ ਮੁਲਾਜ਼ਿਮ, ਸਿਖਰ ਤੋਂ ਲੈ ਕੇ ਹੇਠਾਂ ਤੱਕ, ਉਸ ਵੱਲੋਂ ਨਿਯੁਕਤ ਕੀਤਾ ਜਾਂਦਾ ਸੀ ਅਤੇ ਉਸ ਵੱਲੋਂ ਹਟਾਇਆ ਜਾਂਦਾ ਸੀ, ਜਾਂ ਉਸ ਵੱਲੋਂ ਸੌਂਪੇ ਗਏ ਅਧਿਕਾਰਾਂ ਦੀ ਵਰਤੋਂ ਕਰਨ ਵਾਲੇ ਵੱਲੋਂ ਇਸ ਤਰ੍ਹਾਂ ਕੀਤਾ ਜਾਂਦਾ ਸੀ। ਸਾਰੇ ਸਰਕਾਰੀ ਨੌਕਰ ਉਸਦੇ ਨੌਕਰ ਸਨ, ਕਿਉਂਕਿ ਉਹ ਉਸਨੂੰ ਇਕੱਲੇ ਨੂੰ ਹੀ ਜਵਾਬਦਹ ਸਨ। ਰਹਿਮ-ਕਰਮ ਅਤੇ ਮੁਆਫੀਨਾਮੇ ਦੇਣ ਜਾਂ ਸਜ਼ਾਵਾਂ ਨੂੰ ਤਬਦੀਲ ਕਰਨ ਵਾਲੇ ਹੁਕਮ ਲਾਗੂ ਕਰਨ ਦੀਆਂ ਸ਼ਕਤੀਆਂ ਕੇਵਲ ਉਸ ਕੋਲ ਹੀ ਸਨ। ਇਸ ਤੋਂ ਇਲਾਵਾ ਉਹ ਹੀ ਮੌਤ ਦੀਆਂ ਸਜ਼ਾਵਾਂ ਦੀ ਪੁਸ਼ਟੀ ਕਰਦਾ ਸੀ ਜਾਂ ਇਸ ਨੂੰ ਉਮਰ ਕੈਦ ਵਿੱਚ ਤਬਦੀਲ ਕਰਦਾ ਸੀ। ਸਟੇਟ ਦੀ ਕਿਸੇ ਵੀ ਕਚਹਿਰੀ ਜਾਂ ਟ੍ਰਿਬਿਊਨਲ ਦੇ ਫੈਸਲੇ ਨੂੰ ਉਹ ਬਦਲ ਸਕਦਾ ਸੀ ਅਤੇ ਇਸਦੀ ਥਾਂ ਤੇ ਆਪਣੇ ਹੁਕਮ ਜਾਰੀ ਕਰ ਸਕਦਾ ਸੀ। ਜਿੰਨਾਂ ਚਿਰ ਉਸ ਵੱਲੋਂ ਇਸ ਗੱਲ ਦੀ ਤਾਜ਼ੀ ਆਗਿਆ ਨਹੀਂ ਲਈ ਜਾਂਦੀ ਸੀ, ਸਰਕਾਰੀ ਪੱਧਰ ਤੇ (ofificial capacity) ਉਸਦੀ ਸਰਕਾਰ ਜਾਂ ਸਰਕਾਰੀ ਮੁਲਾਜ਼ਿਮਾਂ ਵੱਲੋਂ ਕੀਤੀ ਗਈ ਕਿਸੇ ਵੀ ਕਾਰਵਾਈ ਦੇ ਵਿਰੁੱਧ ਕੋਈ ਮੁਕੱਦਮਾ ਨਹੀਂ ਚੱਲ ਸਕਦਾ ਸੀ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਉਸਦੇ ਸ਼ਬਦ ਕਾਨੂੰਨ ਦਾ ਅਧਿਕਾਰ ਅਤੇ ਵਜ਼ਨ ਰੱਖਦੇ ਸਨ, ਅਤੇ ਸੰਖੇਪ ਵਿੱਚ ਉਹ ਇੱਕ ਪ੍ਰਭੂਸੱਤਾ ਮਾਨਣ ਵਾਲੇ ਰਾਜੇ ਦੀਆਂ ਸਾਰੀਆਂ ਸ਼ਕਤੀਆਂ ਦੀ ਵਰਤੋਂ ਕਰਦਾ ਸੀ, ਅਤੇ ਨਿਆਇਕ, ਕਾਨੂੰਨ ਬਨਾਉਣ ਸਬੰਧੀ ਅਤੇ ਕਾਰਜਕਾਰੀ ਮਸਲਿਆਂ ਦੇ ਸਬੰਧ ਵਿੱਚ ਸਾਰੇ ਕੰਮ ਕਾਜ ਕਰਦਾ ਸੀ। ਭਾਵੇਂ ਇਹ ਗੱਲ ਕਿੰਨੀ ਵੀ ਅਨੋਖੀ ਕਿਉਂ ਨਾ ਲੱਗੇ, ਆਪਣੇ ਇਲਾਕੇ ਦੀਆਂ ਹੱਦਾ ਅੰਦਰ ਉਸਦਾ ਆਪਣੀ ਪਰਜਾ ਅਤੇ ਉਹਨਾਂ ਦੀ ਜਾਇਦਾਦ ਤੇ ਸੰਪੂਰਨ ਕਾਬੂ ਸੀ। ਪਟਿਆਲੇ ਦੇ ਸ਼ਾਸਕ ਵੱਲੋਂ ਮਾਨੀਆਂ ਜਾਂਦੀਆਂ ਇਹਨਾਂ ਪ੍ਰਭੂਸੱਤਾ ਵਾਲੀਆਂ ਸ਼ਕਤੀਆਂ ਦੇ ਮੱਦੇਨਜ਼ਰ, ਇਸ ਸਵਾਲ ਦਾ ਮੇਰਾ ਜਵਾਬ ਨਾਹ ਵਿੱਚ ਹੋਵੇਗਾ।

(21) ਫੁੱਲ ਬੈਂਚ ਵੱਲੋਂ: ਉੱਪਰ ਦੱਸੇ ਗਏ ਵਿਚਾਰ ਦੇ ਪ੍ਰਗਟਾਵੇ ਨਾਲ ਇਹ ਕੇਸ ਹੁਣ ਇਕਹਿਰੇ ਜੱਜ ਕੋਲ ਵਾਪਿਸ ਜਾਵੇਗਾ।

---